## ਅਧਿਆਇ 33

# ਯਾਕੂਬ ਅਤੇ ਏਸਾਓ ਦਾ ਪੁਨਰਮੇਲ (ਭਾਗ 2)

ਵੀਹਾਂ ਸਾਲਾਂ ਬਾਅਦ, ਯਾਕੂਬ ਦੀ ਏਸਾਓ ਦੇ ਨਾਲ ਲਾਜ਼ਮੀ ਮੁਲਾਕਾਤ ਹੋਣ ਵਾਲੀ ਸੀ। ਇਹ ਉਹ ਪਲ ਸੀ ਜਿਸ ਤੋਂ ਉਹ ਡਰਦਾ ਸੀ ਪਰ ਬਚ ਨਹੀਂ ਸਕਦਾ ਸੀ। ਆਪਣੇ ਡਰ ਤੋਂ ਇਲਾਵਾ, ਉਹ ਆਪਣੇ ਭਰਾ ਦੇ ਨਾਲ ਆਪਣਾ ਰਿਸ਼ਤਾ ਸੁਧਾਰਨਾ ਚਾਹੁੰਦਾ ਸੀ। ਇਸ ਲਈ, ਉਹ ਨਿਮਰਤਾ ਦੇ ਨਾਲ ਏਸਾਓ ਵੱਲ ਵਧਿਆ, ਉਸ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਕੀ ਹੋਵੇਗਾ।

## ਯਾਕੂਬ ਦਾ ਏਸਾਓ ਨਾਲ ਪੁਨਰਮੇਲ ਅਤੇ ਉਨ੍ਹਾਂ ਦਾ ਆਪਣੇ ਆਪਣੇ ਰਾਹੇ ਜਾਣਾ (33:1-11)

**1ਯਾਕੂਬ ਨੇ ਆਪਣੀਆਂ ਅੱਖਾਂ ਚੁੱਕ ਕੇ ਵੇਖਿਆ ਕਿ ਏਸਾਓ ਲਗਾ ਆਉਂਦਾ ਹੈ ਅਤੇ ਉਸ ਦੇ
ਨਾਲ ਚਾਰ ਸੌ ਆਦਮੀ ਹਨ ਉਪਰੰਤ ਉਸ ਨੇ ਬਾਲਾਂ ਨੂੰ ਲੇਆਹ ਅਰ ਰਾਖੇਲ ਅਰ ਦੋਹਾਂ
ਗੋੱਲੀਆਂ ਵਿੱਚ ਵੰਡ ਦਿੱਤਾ ਅਤੇ ਉਸ ਨੇ ਗੋੱਲੀਆਂ ਨੂੰ ਅਰ ਓਹਨਾਂ ਦੇ ਬਾਲਾਂ ਨੂੰ ਸਾਰਿਆਂ ਤੋਂ
ਅੱਗੇ ਰੱਖਿਆ। 2ਲੇਆਹ ਅਰ ਉਸ ਦੇ ਬਾਲਾਂ ਨੂੰ ਉਨ੍ਹਾਂ ਦੇ ਪਿੱਛੇ ਅਰ ਰਾਖੇਲ ਅਰ ਯੂਸੁਫ਼ ਨੂੰ
ਸਾਰਿਆਂ ਦੇ ਪਿੱਛੇ ਰੱਖਿਆ। 3ਪਰ ਉਹ ਆਪ ਉਨ੍ਹਾਂ ਦੇ ਅੱਗੇ ਪਾਰ ਲੰਘਿਆ ਅਤੇ ਸੱਤ ਵਾਰ
ਧਰਤੀ ਉੱਤੇ ਆਪਣੇ ਆਪ ਨੂੰ ਝੁਕਾਇਆ ਜਦ ਤੀਕ ਉਹ ਏਸਾਓ ਕੋਲ ਨਾ ਆ ਪੁੱਜਾ। 4ਤਾਂ
ਏਸਾਓ ਉਸ ਦੇ ਮਿਲਣ ਨੂੰ ਨੱਠਾ ਅਰ ਉਸ ਨੂੰ ਜੱਫੀ ਪਾਈ ਅਰ ਉਸ ਦੇ ਗਲ ਵਿੱਚ ਬਾਹਾਂ ਪਾਕੇ
ਉਸ ਨੂੰ ਚੁੰਮਿਆ ਅਰ ਓਹ ਰੋਏ। 5ਫੇਰ ਓਸ ਅੱਖਾਂ ਚੁੱਕ ਕੇ ਤੀਵੀਆਂ ਅਰ ਬਾਲਾਂ ਨੂੰ ਡਿੱਠਾ ਅਰ
ਆਖਿਆ, ਤੇਰੇ ਨਾਲ ਏਹ ਕੌਣ ਹਨ? ਤਾਂ ਓਸ ਆਖਿਆ, ਏਹ ਓਹ ਬਾਲ ਹਨ ਜਿਹੜੇ
ਪਰਮੇਸ਼ੁਰ ਨੇ ਤੇਰੇ ਦਾਸ ਨੂੰ ਬਖ਼ਸ਼ੇ ਹਨ। 6ਤਾਂ ਗੋੱਲੀਆਂ ਅਰ ਉਨ੍ਹਾਂ ਦੇ ਬਾਲਾਂ ਨੇ ਨੇੜੇ ਆਕੇ
ਆਪਣੇ ਆਪ ਨੂੰ ਝੁਕਾਇਆ। 7ਫੇਰ ਲੇਆਹ ਅਰ ਉਸ ਦੇ ਬਾਲਾਂ ਨੇ ਨੇੜੇ ਆਕੇ ਆਪਣੇ ਆਪ ਨੂੰ
ਝੁਕਾਇਆ ਅਰ ਮਗਰੋਂ ਯੂਸੁਫ਼ ਅਰ ਰਾਖੇਲ ਨੇ ਨੇੜੇ ਆਕੇ ਆਪਣੇ ਆਪ ਨੂੰ ਝੁਕਾਇਆ। 8ਤਾਂ
ਓਸ ਆਖਿਆ, ਏਸ ਸਾਰੀ ਟੋਲੀ ਤੋਂ ਜਿਹੜੀ ਮੈਨੂੰ ਮਿਲੀ ਤੇਰਾ ਕੀ ਪਰੋਜਨ ਹੈ? ਉਸ ਨੇ
ਆਖਿਆ ਭਈ ਮੇਰੇ ਸਵਾਮੀ ਦੀ ਦਯਾ ਦੀ ਨਿਗਾਹ ਮੇਰੇ ਉੱਤੇ ਹੋਵੇ। 9ਤਾਂ ਏਸਾਓ ਨੇ ਆਖਿਆ,
ਮੇਰੇ ਭਰਾ ਮੇਰੇ ਕੋਲ ਤਾਂ ਬਹੁਤ ਕੁਝ ਹੈ ਅਰ ਜੋ ਤੇਰਾ ਹੈ ਓਹ ਤੂੰ ਆਪਣੇ ਹੀ ਕੋਲ ਰੱਖ।
10ਯਾਕੂਬ ਨੇ ਆਖਿਆ, ਐਉਂ ਨਹੀਂ। ਜੇ ਤੇਰੀ ਨਿਗਾਹ ਵਿੱਚ ਮੇਰੇ ਲਈ ਦਯਾ ਹੈ ਤਾਂ ਮੇਰਾ
ਨਜ਼ਰਾਨਾ ਮੇਰੇ ਹੱਥੋਂ ਕਬੂਲ ਕਰ ਕਿਉਂਜੋ ਮੇਰੇ ਲਈ ਤੇਰੇ ਮੁੱਖ ਨੂੰ ਵੇਖਣਾ ਜਾਣੋ ਪਰਮੇਸ਼ੁਰ ਦੇ
ਮੁੱਖ ਨੂੰ ਵੇਖਣ ਦੇ ਤੁੱਲ ਹੈ ਏਸ ਕਾਰਨ ਕਿ ਤੂੰ ਮੈਥੋਂ ਪਰਸੰਨ ਹੋਇਆ ਹੈਂ। 11ਮੇਰੀ ਸੁਗਾਤ ਨੂੰ**

**ਜਿਹੜੀ ਤੇਰੇ ਕੋਲ ਘੱਲੀ ਗਈ ਹੈ ਕਬੂਲ ਕਰ ਕਿਉਂਜੋ ਪਰਮੇਸ਼ੁਰ ਨੇ ਮੇਰੇ ਉੱਤੇ ਦਯਾ ਕੀਤੀ ਹੈ ਅਰ ਮੇਰੇ ਕੋਲ ਸਭ ਕੁਝ ਹੈ ਤਾਂ ਉਹ ਉਸ ਦੇ ਖੈਹੜੇ ਪਿਆ ਸੋ ਉਸ ਨੇ ਕਬੂਲ ਕਰ ਲਈ।**

**ਆਇਤਾਂ 1, 2.** ਜਦੋਂ ਪੁਰਖੇ ਆਪਣੇ ਪੁਰਾਣੇ ਘਰ ਦੇ ਨੇੜੇ ਪੁੱਜਿਆ, ਉਸ ਨੇ **ਆਪਣੀਆਂ ਅੱਖਾਂ ਚੁੱਕ ਕੇ ਵੇਖਿਆ**। ਜੋ ਉਸ ਨੇ ਵੇਖਿਆ ਉਹ ਭਿਆਨਕ ਸੀ: **ਏਸਾਓ** ਆ ਰਿਹਾ ਸੀ ਅਤੇ ਉਸ ਦੇ ਨਾਲ **ਚਾਰ ਸੌ ਆਦਮੀ** ਸਨ (ਵੇਖੋ 32:6)। ਇੱਕ ਦਿਨ ਪਹਿਲਾਂ, **ਯਾਕੂਬ** ਨੇ ਆਪਣੇ ਪਰਿਵਾਰ ਅਤੇ ਜਾਨਵਰਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਇਹ ਇੱਕ ਫੌਜ਼ੀ ਘੁਸਪੈਠ ਸੀ ਜਿਸ ਦੇ ਰਾਹੀਂ ਜੇਕਰ ਏਸਾਓ ਹਮਲਾ ਕਰ ਦਿੰਦਾ ਤਾਂ ਉਸ ਨੇ ਅੱਧੇ ਲੋਕਾਂ ਨੂੰ ਬਚਾ ਸਕਦਾ ਸੀ (32:7, 8)। ਇਸ ਵਾਰ, ਪੁਰਖੇ ਨੇ ਇੱਕ ਵੱਖਰਾ ਪ੍ਰਬੰਧ ਕੀਤਾ ਸੀ ਜੋ ਫੌਜ਼ੀ ਰਣਨੀਤੀ ਤੇ ਆਧਾਰਤ ਨਹੀਂ ਸੀ। **ਉਸ** ਨੇ, ਸਪੱਸ਼ਟ ਤੌਰ ਤੇ ਉਨ੍ਹਾਂ ਦੇ ਨਾਲ ਪਿਆਰ ਦੇ ਆਧਾਰ ਤੇ ਆਪਣੇ ਪਰਿਵਾਰ ਨੂੰ ਤਿੰਨਾਂ ਹਿਸਿੱਆਂ ਵਿਚ **ਵੰਡ ਦਿੱਤਾ**। ਉਸ ਨੇ **ਗੋੱਲੀਆਂ** [ਦੂਸਰੇ ਦਰਜੇ ਦੀਆਂ ਪਤਨੀਆਂ] **ਅਰ ਉਨ੍ਹਾਂ ਦੇ ਬਾਲਾਂ ਨੂੰ** ਸਭ ਤੋਂ ਅੱਗੇ, **ਲੇਆਹ ਅਰ ਉਸ ਦੇ ਬਾਲਾਂ ਨੂੰ** ਦੂਸਰੇ ਸਥਾਨ ਤੇ, ਅਤੇ **ਰਾਖੇਲ ਅਰ ਯੂਸੁਫ਼ ਨੂੰ** ਸਭ ਤੋਂ ਪਿੱਛੇ ਰੱਖਿਆ, ਤਾਂ ਕਿ ਉਨ੍ਹਾਂ ਨੂੰ ਸੰਭਾਵਿਤ ਹਿੰਸਾ ਤੋਂ ਬਚਣ ਦਾ ਸਭ ਤੋਂ ਵਧੀਆ ਮੌਕਾ ਮਿਲ ਸਕੇ।

**ਆਇਤ 3.** ਪਿੱਛੇ ਰਹਿਣ ਦੀ ਬਜਾਇ, ਯਾਕੂਬ ਹੁਣ **ਉਨ੍ਹਾਂ ਦੇ ਅੱਗੇ ਪਾਰ ਲੰਘਿਆ**। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਬੀਤੀ ਰਾਤ ਵਿਚ ਪਰਮੇਸ਼ੁਰ ਦੇ ਦੂਤ ਦੇ ਨਾਲ ਘੋਲ ਵਿਚ ਜੀਵਨ ਬਦਲਣ ਵਾਲੇ ਤਜ਼ਰਬੇ ਵਿਚੋਂ ਲੰਘ ਚੁੱਕਿਆ ਸੀ। ਸ਼ਾਇਦ ਨਵੇਂ ਨਾਮ "ਇਸਰਾਏਲ" ਵਾਲਾ ਆਦਮੀ, ਪੁਰਾਣੇ ਡਰਪੋਕ ਅਤੇ ਯੋਜਨਾਵਾਂ ਬਣਾਉਣ ਵਾਲੇ ਯਾਕੂਬ ਦੇ ਉੱਤੇ ਜਿੱਤ ਪ੍ਰਾਪਤ ਕਰ ਚੁੱਕਿਆ ਸੀ। ਕਾਫਲੇ ਵਿਚ ਆਪਣੀਆਂ ਪਤਨੀਆਂ ਦੇ ਪਿੱਛੇ ਲੁਕਣ ਦੀ ਬਜਾਇ, ਉਹ ਹੁਣ ਅੱਗੇ ਦੇ ਰਾਹ ਵੱਲ ਅਗਵਾਈ ਕਰ ਰਿਹਾ ਸੀ। ਸਥਿਤੀਆਂ ਦੀਆਂ ਬੁਨਿਆਦੀ ਤਬਦੀਲੀਆਂ ਨੇ ਦੱਸਿਆ ਕਿ ਉਹ ਇਕੱਲਾ ਹੀ ਏਸਾਓ ਦੇ ਕ੍ਰੋਧ ਦੇ ਲਈ ਜ਼ਿੰਮੇਵਾਰ ਸੀ। ਉਸ ਦੋਸ਼ ਦੇ ਲਈ ਜੇਕਰ ਕਿਸੇ ਨੇ ਸਰੀਰਕ ਤੌਰ ਤੇ ਦੁੱਖ ਝੱਲਣਾ ਸੀ, ਤਾਂ ਉਹ ਆਪ ਹੀ ਸੀ, ਨਾ ਕਿ ਉਸ ਦੇ ਨੌਕਰ, ਪਤਨੀਆਂ, ਜਾਂ ਬੱਚੇ।

ਜਦੋਂ ਯਾਕੂਬ ਏਸਾਓ ਦੇ ਕੋਲ ਪਹੁੰਚਿਆ, ਤਾਂ ਉਸ ਨੇ **ਸੱਤ ਵਾਰ ਧਰਤੀ ਉੱਤੇ ਆਪਣੇ ਆਪ ਨੂੰ ਝੁਕਾਇਆ ਜਦ ਤੀਕ ਉਹ ਏਸਾਓ ਕੋਲ ਨਾ ਆ ਪੁੱਜਾ**। ਯਾਕੂਬ "ਝੁਕਾਇਆ" (ਹਨ੍ਹਸ਼ੂੰ, *ਛਾਚਾਹ)* ਅਤੇ ਉਸ ਨੇ ਸੱਚਮੁੱਚ ਏਸਾਓ ਦੇ ਸਾਹਮਣੇ ਆਪਣੇ ਆਪ ਨੂੰ ਝੁਕਾਇਆ, "ਜਿਵੇਂ ਇੱਕ ਸ੍ਰੇਸ਼ਠ ਦੇ ਸਾਹਮਣੇ ਆਪਣੇ ਆਪ ਨੂੰ ਝੁਕਾਇਆ ਜਾਂਦਾ ਹੈ।"[1] ਉਸ ਨੇ ਇਹ ਇੱਕ ਜਾਂ ਦੋ ਵਾਰ ਨਹੀਂ ਸਗੋਂ ਕੁਲ "ਸੱਤ ਵਾਰ" ਕੀਤਾ। ਅਮਾਰਨਾ ਪੱਤਰਾਂ ਦਾ ਸਬੂਤ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਸੱਤ ਵਾਰ ਝੁੱਕਣਾ ਇੱਕ ਸਨਮਾਨ ਪਰਗਟ ਕਰਨ ਦੀ ਪ੍ਰਕਿਰਿਆ ਸੀ ਕਿ ਦਾਸ ਆਪਣੇ ਮਾਲਕ (ਮਹਾਨ ਰਾਜਾ)[2] ਦਾ ਤਾਬੇਦਾਰ ਸੀ।

**ਆਇਤ 4.** ਏਸਾਓ ਦੇ ਦੁਆਰਾ ਆਪਣੇ ਭਰਾ ਦਾ ਨਿੱਘਾ ਸਵਾਗਤ ਕਾਫੀ ਹੱਦ ਤੱਕ ਉਸ ਦੇ ਖ਼ੂਨੀ ਰਵੱਈਏ ਦੇ ਉਲਟ ਖੜਾ ਹੈ ਜੋ ਕਈ ਸਾਲ ਪਹਿਲਾਂ ਭਰਾਵਾਂ ਦੇ ਵਿੱਛੜਣ ਦੇ ਸਮੇਂ ਉਨ੍ਹਾਂ ਦੇ ਵਿਚ ਮੌਜੂਦ ਸੀ (27:41-45)। ਬੇਸ਼ੱਕ, ਯਾਕੂਬ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਉਸ ਦੇ ਇੰਨੀ ਦੇਰ ਬਾਅਦ ਘਰ ਵਾਪਸ ਆਉਣ ਤੇ ਉਸ ਦਾ ਭਰਾ ਕਿਹੋ ਜਿਹੀ ਪ੍ਰਕਿਰਿਆ ਕਰੇਗਾ। ਇਸ ਗੱਲ ਤੋਂ ਡਰਦੇ ਮਾਰੇ ਅਤੇ ਅਣਜਾਣ ਹੋਣ ਦੇ ਕਾਰਣ ਕੀ ਕੀ ਹੋਵੇਗਾ, ਉਸ ਨੇ ਆਪਣੀਆਂ ਭੇਡਾਂ-ਬੱਕਰੀਆਂ ਅਤੇ ਵੱਗਾਂ ਦੇ ਇੱਕ ਵੱਡੇ ਹਿੱਸੇ ਨੂੰ ਏਸਾਓ ਦੇ ਲਈ ਨਜ਼ਰਾਨੇ ਦੇ ਰੂਪ ਵਿਚ ਵੰਡ

ਦਿੱਤਾ। ਕੀ ਉਹ ਇਨ੍ਹਾਂ ਜਾਨਵਰਾਂ ਨੂੰ ਇੱਕ ਉਦਾਰ ਨਜ਼ਰਾਨੇ ਦੇ ਰੂਪ ਵਿਚ ਵੇਖੇਗਾ ਅਤੇ ਇੱਕ ਵਾਰ ਫਿਰ ਯਾਕੂਬ ਤੇ ਦਯਾ ਦਿਖਾਵੇਗਾ, ਜਾਂ ਭਰਾ ਦੀ ਗਹਿਰੀ ਦੁਸ਼ਮਣੀ ਦੇ ਜ਼ਖ਼ਮ ਸਨ, ਜਿਨ੍ਹਾਂ ਵਿਚ ਧੋਖਾਧੜੀ ਅਤੇ ਚਾਲਬਾਜ਼ੀ ਸ਼ਾਮਲ ਸੀ, ਜੋ ਇੰਨੇ ਗਹਿਰੇ ਸਨ ਕਿ ਇੰਨੇ ਸਮੇਂ ਦੇ ਵਿਚ ਵੀ ਨਹੀਂ ਭਰੇ ਸਨ? ਜਵਾਬ ਆਉਣ ਦੇ ਵਿਚ ਕੋਈ ਲੰਬਾ ਸਮਾਂ ਨਹੀਂ ਲੱਗਣਾ ਸੀ, ਕਿਉਂਕਿ **ਏਸਾਓ ਉਸ ਦੇ ਮਿਲਣ ਨੂੰ ਨੱਠਾ ਅਰ ਉਸ ਨੂੰ ਜੱਫੀ ਪਾਈ**। ਤਾਨੇ ਦੀ ਇੱਕ ਛੂਹ ਨੂੰ ਅਸੀਂ ਇੱਥੇ ਵੇਖਦੇ ਹਾਂ: ਜਦੋਂ ਏਸਾਓ ਆਪਣੇ ਭਰਾ ਦਾ ਸਵਾਗਤ ਕਰਨ ਦੇ ਲਈ ਦੌੜਿਆ, ਯਾਕੂਬ ਉਹ ਦੇ ਵੱਲ ਲੰਗੜਾ ਕੇ ਆਇਆ (32:31) ਜੋ ਇੱਕ ਚੰਗਾ ਅੰਤ ਸੀ। ਪਰ, ਜਦੋਂ ਵੱਡੇ ਭਰਾ ਨੇ **ਉਸ ਨੂੰ ਜੱਫੀ ਪਾਈ ਅਰ ਉਸ ਦੇ** [ਛੋਟੇ ਭਰਾ ਦੇ] **ਗਲ ਵਿੱਚ ਬਾਹਾਂ ਪਾਕੇ ਉਸ ਨੂੰ ਚੁੰਮਿਆ**, ਤਾਂ ਯਾਕੂਬ ਜਾਣਦਾ ਸੀ ਕਿ ਏਸਾਓ ਦਾ ਗੁੱਸਾ ਹੁਣ ਤੱਕ ਭੜਕਿਆ ਹੋਇਆ ਨਹੀਂ ਹੈ। ਦੋਵੇਂ ਮਾਫ਼ੀ ਅਤੇ ਮੇਲ-ਮਿਲਾਪ ਦੇ ਅੱਥਰੂ **ਰੋਏ**। ਸਿਰਫ ਯਾਕੂਬ ਦਾ ਮਨ ਪਰਿਵਰਤਨ ਨਹੀਂ ਹੋਇਆ ਸੀ ਸਗੋਂ ਏਸਾਓ ਦਾ ਵੀ ਮਨ ਪਰਿਵਰਤਨ ਹੋਇਆ ਸੀ; ਅਤੇ ਇਸ ਤਰ੍ਹਾਂ ਦੀਆਂ ਪਰਿਵਾਰਿਕ ਭਾਵਨਾਵਾਂ ਦੇ ਪਰਗਟਾਵੇ ਵਿਚ ਬਦਲਾਅ ਦਿਖਾਈ ਦੇ ਰਹੇ ਸਨ।[3]

**ਆਇਤ 5.** ਯਾਕੂਬ ਨੇ ਇਕੱਲੇ ਅਤੇ ਤੰਦਰੁਸਤੀ ਦੀ ਹਾਲਤ ਵਿਚ ਘਰ ਨੂੰ ਛੱਡਿਆ ਸੀ। ਏਸਾਓ ਨੇ ਵੇਖਿਆ ਕਿ ਉਸ ਦਾ ਭਰਾ ਜਿਸ ਵਿਚ **ਤੀਵੀਆਂ** (ਪਤਨੀਆਂ) ਅਤੇ **ਬਾਲਾਂ ਸਮੇਤ** ਇੱਕ ਵੱਡੇ ਦਲ ਦੇ ਨਾਲ ਪਰਤ ਰਿਹਾ ਸੀ, ਪਰ ਉਹ ਲੰਗੜਾ ਰਿਹਾ ਸੀ। ਜੇਕਰ ਏਸਾਓ ਨੇ ਯਾਕੂਬ ਤੋਂ ਉਸ ਦੇ ਪੱਟ ਦੀ ਸੱਟ ਦੇ ਵਿਸ਼ੇ ਸਵਾਲ ਨਹੀਂ ਕੀਤਾ ਸੀ, ਤਾਂ ਲੇਖਕ ਨੇ ਉਸ ਚਰਚਾ ਨੂੰ ਸ਼ਾਮਲ ਨਹੀਂ ਕੀਤਾ ਸੀ, ਉਸ ਨੇ ਏਸਾਓ ਦੇ ਸਵਾਲ ਨੂੰ ਦਰਜ ਕੀਤਾ ਸੀ **ਤੇਰੇ ਨਾਲ ਏਹ ਕੌਣ ਹਨ?** ਪੁਰਖੇ ਨੇ ਉੱਤਰ ਦਿੱਤਾ, **ਏਹ ਓਹ ਬਾਲ ਹਨ ਜਿਹੜੇ ਪਰਮੇਸ਼ੁਰ ਨੇ ਤੇਰੇ ਦਾਸ ਨੂੰ ਬਖ਼ਸ਼ੇ ਹਨ।** ਯਾਕੂਬ ਨੇ ਸਿਰਫ ਉਸ ਦੇ ਉੱਤਰ ਵਿਚ ਬੱਚਿਆਂ ਦਾ ਉਲੇਖ ਕੀਤਾ ਸੀ। ਉਸ ਨੇ ਆਪਣੀਆਂ ਪਤਨੀਆਂ ਦੇ ਸੰਬੰਧ ਵਿਚ ਕੋਈ ਵੀ ਸਿੱਧਾ ਉਲੇਖ ਨਹੀਂ ਕੀਤਾ ਹੋਵੇਗਾ, ਕਿ ਅਜਿਹਾ ਨਾ ਹੋਵੇ ਕਿ ਉਹ ਉਸ ਨੂੰ ਵੀਹ ਸਾਲ ਪਹਿਲਾਂ ਹਾਰਾਨ ਵਿਚ ਚਲੇ ਜਾਣ ਦਾ ਕਾਰਣ ਯਾਦ ਨਾ ਕਰਵਾ ਦੇਵੇ, ਜਿਸ ਦਾ ਕਾਰਣ ਇੱਕ ਪਤਨੀ ਨੂੰ ਲਿਆਉਣਾ ਸੀ (27:41-28:5)।

ਜਦੋਂ ਯਾਕੂਬ ਨੇ ਕਿਹਾ ਕਿ ਪਰਮੇਸ਼ੁਰ ਨੇ ਉਸ ਨੂੰ ਬੱਚੇ "ਬਖਸ਼ੇ" ਸਨ, ਤਾਂ ਉਸ ਨੇ ਕਿਰਿਆ חָנַן (*ਚਾਨਨ)* ਦਾ ਇਸਤੇਮਾਲ ਕੀਤਾ, ਜੋ ਨਾਂਵ חֵן (*ਚੇਨ)* ਦੇ ਨਾਲ ਸੰਬੰਧਤ ਹੈ, ਜਿਸ ਦਾ ਅਰਥ "ਕਿਰਪਾ" ਜਾਂ "ਦਯਾ" ਹੈ (ਵੇਖੋ 32:5)। ਜੋ ਉਸ ਨੇ ਆਸ ਕੀਤੀ ਸੀ ਉਹ ਇਹ ਸੀ ਕਿ ਜਿਵੇਂ ਬੀਤੇ ਸਮੇਂ ਵਿਚ ਪਰਮੇਸ਼ੁਰ ਨੇ ਉਸ ਦੇ ਨਾਲ ਵਿਹਾਰ ਕੀਤਾ, ਉਸੇ ਤਰ੍ਹਾਂ ਹੁਣ ਪਰਮੇਸ਼ੁਰ ਵੀ ਉਸ ਦੇ ਨਾਲ ਵਿਹਾਰ ਕਰੇ। ਭਾਵੇਂ ਉਹ ਭਰਾ ਸਨ, ਪਰ ਯਾਕੂਬ ਨੇ ਆਪਣੇ ਆਪ ਨੂੰ "ਤੇਰੇ ਦਾਸ" ਅਤੇ ਏਸਾਓ ਨੂੰ "ਮੇਰੇ ਸਵਾਮੀ" ਕਹਿ ਕੇ ਇਸ ਗੱਲਬਾਤ ਵਿਚ ਇੱਕ ਸਹਾਇਕ ਦ੍ਰਿਸ਼ਟੀਕੋਣ ਨੂੰ ਪਰਗਟ ਕੀਤਾ (33:5, 8, 13-15)। ਪ੍ਰਾਚੀਨ ਯੁੱਗ ਵਿਚ, ਯਾਕੂਬ ਦੇ ਸ਼ਬਦ ਇੱਕ ਦਾਸ ਦੇ ਸਮਾਨ ਸਨ ਜੋ ਆਪਣੇ ਆਪ ਨੂੰ ਸੰਧੀ ਦੇ ਦੁਆਰਾ ਇੱਕ ਮਹਾਨ ਸ਼ਾਸਕ ਦੇ ਅਧੀਨ ਕਰ ਦਿੰਦੇ ਸਨ ਜੋ ਉਸ ਦਾ ਸਵਾਮੀ ਬਣ ਜਾਂਦਾ ਸੀ। ਇਹ ਉਸ ਬਰਕਤ ਦੇ ਉਲਟ ਸੀ ਜੋ ਵੀਹ ਸਾਲ ਪਹਿਲਾਂ ਇਸਹਾਕ ਨੇ ਮਰਨ ਦੇ ਸਮੇਂ ਗਲਤੀ ਦੇ ਨਾਲ ਆਪਣੇ ਛੋਟੇ ਪੁੱਤਰ ਦੇ ਉੱਤੇ ਬੋਲੀ ਸੀ (27:29)। ਪ੍ਰਾਚੀਨ ਪਰੰਪਰਾ ਦੇ ਅਨੁਸਾਰ, ਬੋਲੀ ਗਈ ਬਰਕਤ ਨੂੰ ਬਦਲਿਆ ਨਹੀਂ ਜਾ ਸਕਦਾ ਸੀ; ਪਰ ਹੁਣ ਯਾਕੂਬ ਨੇ ਉਸ ਨੂੰ ਅਸਵੀਕਾਰ ਕਰ ਦਿੱਤਾ ਸੀ ਅਤੇ ਏਸਾਓ ਨੂੰ ਆਪਣਾ ਮਾਲਕ ਬਣਨ ਦੇ ਹੱਕ ਨੂੰ ਮਾਨਤਾ ਦਿੱਤੀ ਸੀ।

**ਆਇਤਾਂ 6, 7.** ਯਾਕੂਬ ਨੇ ਏਸਾਓ ਦੇ ਸਾਹਮਣੇ ਆਉਣ ਅਤੇ ਝੁਕਣ ਦੇ ਸਮੇਂ ਇਨ੍ਹਾਂ ਪਤਨੀਆਂ ਅਤੇ ਬੱਚਿਆਂ ਦੇ ਆਚਰਣ ਨੂੰ ਧਿਆਨ ਨਾਲ ਵਿਵਸਥਿਤ ਕੀਤਾ ਸੀ। ਉਸ ਦੀਆਂ ਹਿਦਾਇਤਾਂ ਦੇ ਅਨੁਸਾਰ, ਉਸ ਦੇ ਪਰਿਵਾਰ ਦੇ ਸੋਲਾਂ ਮੈਂਬਰ ਤਿੰਨਾਂ ਸਮੂਹਾਂ ਵਿਚ ਅੱਗੇ ਆਏ, ਸਭ ਤੋਂ ਛੋਟੇ ਤੋਂ ਲੈ ਕੇ ਸਭ ਤੋਂ ਵੱਡੇ ਤੀਕ। ਪਹਿਲਾਂ **ਗੋੱਲੀਆਂ** (ਬਿਲਹਾਹ ਅਤੇ ਜਿਲਫਾਹ) **ਅਰ ਉਨ੍ਹਾਂ ਦੇ** ਚਾਰ **ਬਾਲਾਂ ਨੇ ਆਕੇ ਆਪਣੇ ਆਪ ਨੂੰ ਝੁਕਾਇਆ**। ਦੂਸਰਾ, ਲੇਆਹ ਅਤੇ **ਉਸ ਦੇ** ਸੱਤਾਂ **ਬਾਲਾਂ ਨੇ ਆਪਣੇ ਆਪ ਨੂੰ ਝੁਕਾਇਆ**। ਆਖਿਰ ਵਿਚ, **ਯੂਸੁਫ਼ ਅਰ ਰਾਖੇਲ ਨੇ ਨੇੜੇ ਆਕੇ ਆਪਣੇ ਆਪ ਨੂੰ ਝੁਕਾਇਆ**। ਜਿਵੇਂ ਆਇਤ 2 ਵਿਚ ਹੈ, ਬੱਚਿਆਂ ਵਿਚੋਂ ਸਿਰਫ ਇੱਕ ਯੂਸੁਫ਼ ਸੀ ਜਿਸ ਦਾ ਵਰਣਨ ਇਸ ਗੱਲ ਤੇ ਜ਼ੋਰ ਦਿੰਦੇ ਹੋਏ ਨਾਮ ਦੇ ਨਾਲ ਕੀਤਾ ਗਿਆ ਸੀ ਕਿ ਉਹ ਉਸ ਸਮੇਂ ਯਾਕੂਬ ਦੀ ਪਿਆਰੀ ਰਾਖੇਲ ਦਾ ਇਕਮਾਤਰ ਬੱਚਾ ਸੀ। ਏਸਾਓ ਦੇ ਸਾਹਮਣੇ ਝੁਕਣ ਦੇ ਦੁਆਰਾ, ਸੰਪੂਰਣ ਪਰਿਵਾਰ ਨੇ ਇਸ ਗੱਲ ਦਾ ਪ੍ਰਦਰਸ਼ਣ ਕੀਤਾ ਕਿ ਉਹ ਵੀ ਉਸ ਨੂੰ ਆਪਣਾ ਪ੍ਰਭੂ ਸਵੀਕਾਰ ਕਰਨਾ ਚਾਹੁੰਦੇ ਹਨ। ਇਹ ਬਿਲਕੁਲ ਉਹ ਨਹੀਂ ਸੀ ਜੋ ਵੱਡੇ ਭਰਾ ਨੇ ਛੋਟੇ ਤੋਂ ਉਮੀਦ ਕੀਤੀ ਸੀ।

**ਆਇਤ 8.** ਘਟਨਾਵਾਂ ਦੇ ਇਸ ਅਕਲਪਿਤ ਮੋੜ ਨੂੰ ਵੇਖਦੇ ਹੋਏ, ਹੁਣ ਏਸਾਓ ਇੱਕ ਅਨੰਦਿਤ ਮਨੋਦਸ਼ਾ ਵਿਚ ਸੀ। ਉਸ ਨੇ ਯਾਕੂਬ ਨੂੰ ਪੁੱਛਿਆ, **ਏਸ ਸਾਰੀ ਟੋਲੀ** [*ਹ਼ਨ਼ੇਹ਼ਮ਼,* *ਮੇਚਾਨੇਹ,*[4] ਜਾਨਵਰਾਂ ਦੇ ਝੁੰਡਾਂ] **ਤੋਂ ਜਿਹੜੀ ਮੈਨੂੰ ਮਿਲੀ ਤੇਰਾ ਕੀ ਪਰੋਜਨ ਹੈ?** ਯਾਕੂਬ ਦੇ ਦਾਸਾਂ ਦੇ ਕੋਲੋਂ ਉਹ ਪਹਿਲਾਂ ਤੋਂ ਹੀ ਸੁਣ ਚੁੱਕਿਆ ਸੀ ਕਿ ਵੱਖ ਵੱਖ ਭੇਡ ਬੱਕਰੀਆਂ ਅਤੇ ਵੱਗਾਂ ਨੂੰ ਉਸ ਦੇ ਲਈ ਨਜ਼ਰਾਨੇ ਦੇ ਰੂਪ ਵਿਚ ਭੇਜੇ ਗਏ ਸਨ (32:13-21), ਪਰ ਜਾਨਵਰਾਂ ਦੀ ਸੰਖਿਆ ਅਤੇ ਮੁੱਲ ਇੰਨਾ ਜ਼ਿਆਦਾ ਉਦਾਰ ਸੀ ਕਿ ਏਸਾਓ ਨੇ ਕੁਝ ਹੋਰ ਸਪੱਸ਼ਟੀਕਰਣ ਦੀ ਮੰਗ ਕੀਤੀ ਸੀ। ਪ੍ਰਤਿਉੱਤਰ ਵਿਚ, ਯਾਕੂਬ ਨੇ ਆਪਣੇ ਮੂਲ ਭਾਸ਼ਣ ਨੂੰ ਵਧਾ ਚੜ੍ਹਾ ਦਿੱਤਾ ਜੋ ਉਸ ਨੇ ਆਪਣੇ ਨੌਕਰਾਂ ਨੂੰ ਏਸਾਓ ਨੂੰ ਦੇਣ ਦੇ ਲਈ ਕਿਹਾ ਸੀ। **ਓਸ ਆਖਿਆ** ਨਜ਼ਰਾਨੇ ਦਾ ਅਰਥ ਇਹ ਹੈ ਕਿ **ਮੇਰੇ** [ਉਸ ਦੇ] **ਸਵਾਮੀ ਦੀ ਦਯਾ** [ਚੇਨ] **ਦੀ ਨਿਗਾਹ ਮੇਰੇ ਉੱਤੇ ਹੋਵੇ**। ਜਿਵੇਂ ਕਿ ਇਹ ਹੈਰਾਨੀ ਦੀ ਗੱਲ ਹੈ, ਇਸ ਮੌਕੇ ਤੇ ਯਾਕੂਬ ਦਾ ਆਪਣੇ ਭਰਾ ਨੂੰ ਜਵਾਬ ਬਿਲਕੁਲ ਸੱਚਾ ਅਤੇ ਸਪੱਸ਼ਟ ਸੀ। ਪਹਿਲਾਂ ਖਰਾਪਣ ਪੁਰਖੇ ਦੇ ਚਰਿੱਤਰ ਦੇ ਲੱਛਣਾਂ ਵਿਚ ਨਹੀਂ ਸੀ, ਪਰ ਇੱਥੇ ਉਸ ਦਾ ਬਿਆਨ ਇਸ ਆਦਮੀ ਵਿਚ ਇੱਕ ਸੱਚੇ ਬਦਲਾਅ ਨੂੰ ਦਰਸਾਉਂਦਾ ਹੈ ਜਿਸ ਨੇ ਪਰਮੇਸ਼ੁਰ ਦੇ ਸਵਰਗਦੂਤ ਦੇ ਨਾਲ ਘੋਲ ਕੀਤਾ ਸੀ। ਯਾਕੂਬ ਏਸਾਓ ਨੂੰ ਧੋਖਾ ਦੇਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ, ਪਰ ਉਸ ਨੇ ਸਵੀਕਾਰ ਕੀਤਾ ਕਿ ਉਸ ਦੀ ਯੋਜਨਾ ਆਪਣੇ ਭਰਾ ਤੋਂ ਮਾਫ਼ੀ ਨੂੰ ਲੈਣਾ ਅਤੇ ਉਸ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣ ਦੇ ਕਿਸੇ ਵੀ ਇਰਾਦੇ ਨੂੰ ਸ਼ਾਂਤ ਕਰਨਾ ਸੀ।

**ਆਇਤ 9.** ਨੇੜਲੇ ਪੂਰਬੀ ਵਾਰਤਾਲਾਪ ਵਿਚ, **ਏਸਾਓ** ਨੇ ਪਹਿਲਾਂ ਨਿਮਰਤਾ ਦੇ ਨਾਲ ਆਪਣੇ ਭਰਾ ਦੇ ਉਦਾਰ ਨਜ਼ਰਾਨੇ ਦੇ ਭੇਡਾਂ ਬੱਕਰੀਆਂ ਅਤੇ ਵੱਗਾਂ ਦੇ ਵੱਡੇ ਵੱਗਾਂ ਨੂੰ ਖਾਰਿਜ ਕਰ ਦਿੱਤਾ। ਉਸ ਨੇ ਇਹ ਕਹਿੰਦੇ ਹੋਏ ਜ਼ੋਰ ਦੇ ਕੇ ਕਿਹਾ ਕਿ ਯਾਕੂਬ ਨੂੰ ਆਪਣੀ ਧਨ-ਦੌਲਤ ਰੱਖਣੀ ਚਾਹੀਦੀ ਹੈ, ਕਿ **ਮੇਰੇ ਭਰਾ ਮੇਰੇ ਕੋਲ ਤਾਂ ਬਹੁਤ ਕੁਝ ਹੈ ਅਰ ਜੋ ਤੇਰਾ ਹੈ ਓਹ ਤੂੰ ਆਪਣੇ ਹੀ ਕੋਲ ਰੱਖ**।

**ਆਇਤ 10.** ਪਰ, **ਯਾਕੂਬ** ਨੂੰ ਉਸ ਦੇ ਉਦੇਸ਼ ਤੋਂ ਰੋਕਿਆ ਨਹੀਂ ਜਾਵੇਗਾ। ਉਸ ਨੇ ਕਿਹਾ, **ਐਉਂ ਨਹੀਂ। ਜੇ ਤੇਰੀ ਨਿਗਾਹ ਵਿਚ ਮੇਰੇ ਲਈ ਦਯਾ** [ਚੇਨ] **ਹੈ ਤਾਂ ਮੇਰਾ ਨਜ਼ਰਾਨਾ ਮੇਰੇ ਹੱਥੋਂ ਕਬੂਲ ਕਰ।** ਯਾਕੂਬ ਨੇ ਆਪਣੇ ਨਜ਼ਰਾਨੇ ਨੂੰ ਸਵੀਕਾਰ ਕਰਨ ਦੇ ਲਈ, ਏਸਾਓ ਤੇ ਦਬਾਅ

ਪਾਉਂਦੇ ਹੋਏ ਇਹ ਕਾਰਣ ਦਿੱਤਾ ਕਿ ਬਜਾਇ ਇਸ ਦੇ ਕਿ ਉਹ ਇੱਕ ਗੁੱਸੇ ਅਤੇ ਦੁਸ਼ਮਣੀ ਨਾਲ ਭਰੇ ਚੇਹਰੇ ਨੂੰ ਵੇਖਦਾ, ਉਸ ਦੇ ਲਈ ਏਸਾਓ ਨੂੰ ਵੇਖਣਾ **ਪਰਮੇਸ਼ੁਰ ਦੇ ਮੁੱਖ ਨੂੰ ਵੇਖਣ ਦੇ ਤੁੱਲ ਹੈ**। ਇਸ ਸਮੇਂ, ਯਾਕੂਬ ਨੂੰ ਯਾਦ ਆਇਆ ਕਿ, ਪਨੀਏਲ ਵਿਚ, ਉਸ ਨੇ ਘੋਲ ਕਰਦੇ ਹੋਏ ਪਰਮੇਸ਼ੁਰ ਦੇ ਚੇਹਰੇ ਨੂੰ ਵੇਖਿਆ ਸੀ ਅਤੇ ਉਸ ਦੇ ਜੀਵਨ ਨੂੰ ਕਿਰਪਾ ਦੇ ਨਾਲ ਬਚਾਇਆ ਗਿਆ ਸੀ (32:30)। ਜਿਵੇਂ ਹੀ ਉਸ ਨੇ ਹੁਣ ਏਸਾਓ ਦੇ ਡਰਾਉਣੇ ਚੇਹਰੇ ਨੂੰ ਵੇਖਿਆ, ਤਾਂ ਦੁਸ਼ਮਣੀ ਅਤੇ ਕ੍ਰੋਧ ਦੀ ਬਜਾਇ ਉਸ ਨੂੰ ਦਯਾ ਅਤੇ ਮਾਫ਼ੀ ਨਜ਼ਰ ਆਈ। ਉਸ ਨੇ ਆਪਣੀ ਭਰਾ ਦੀ ਪ੍ਰਸ਼ੰਸਾ ਕੀਤੀ ਕਿਉਂਕਿ ਉਹ ਉਸ ਨੂੰ ਵੇਖ ਕੇ **ਪਰਸੰਨ** ਹੋਇਆ ਸੀ।

**ਆਇਤ 11.** ਇਸ ਲਈ, ਯਾਕੂਬ ਨੇ ਆਪਣੇ ਭਰੱਪਣ ਦੀ ਬੇਨਤੀ ਨੂੰ ਦੁਹਰਾਇਆ: **ਮੇਰੀ ਸੁਗਾਤ ਨੂੰ ਜਿਹੜੀ ਤੇਰੇ ਕੋਲ ਘੱਲੀ ਗਈ ਹੈ ਕਬੂਲ ਕਰ ਕਿਉਂਜੋ ਪਰਮੇਸ਼ੁਰ ਨੇ ਮੇਰੇ ਉੱਤੇ ਦਯਾ** [*ਚਾਨਨ]* **ਕੀਤੀ ਹੈ ਅਰ ਮੇਰੇ ਕੋਲ ਸਭ ਕੁਝ ਹੈ।** ਜਦਕਿ ਸ਼ਬਦ "ਨਜ਼ਰਾਨਾ" (מִנְחָה, *ਮਿਨਚਾਹ)* ਇਸ ਕਥਾ ਵਿਚ ਨਿਰੰਤਰ ਏਸਾਓ ਦੇ ਲਈ ਯਾਕੂਬ ਦੇ ਯੋਗਦਾਨ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ, ਇੱਥੇ ਸ਼ਬਦ "ਸੁਗਾਤ" (בְּרָכָה, *ਬੈਰੇਕਾਹ)* ਪਾਇਆ ਜਾਂਦਾ ਹੈ। ਹੋਰ ਵੀ ਸ਼ਾਬਦਿਕ ਰੂਪ ਵਿਚ ਇਸ ਦਾ ਅਨੁਵਾਦ "ਬਰਕਤ" ਕੀਤਾ ਜਾ ਸਕਦਾ ਹੈ (KJV; NKJV; ESV)। ਸ਼ੈਲੀ ਸੰਬੰਧੀ ਭਿੰਨਤਾ ਦੀ ਬਜਾਇ, ਸ਼ਬਦਾਂ ਵਿਚ ਇਨ੍ਹਾਂ ਬਦਲਾਵਾਂ ਦੇ ਮਹੱਤਵਪੂਰਣ ਅਰਥ ਹਨ। ਯਾਕੂਬ ਨੇ ਪਹਿਲਾਂ ਏਸਾਓ ਦੇ ਕੋਲੋਂ ਮਰਨ ਤੋਂ ਪਹਿਲਾਂ ਦਿੱਤੀ ਜਾਣ ਵਾਲੀ ਬਰਕਤ ਨੂੰ ਚੋਰੀ ਕਰ ਲਿਆ ਸੀ (27:27-29, 35, 36, 41), ਇਸ ਲਈ ਹੁਣ ਉਹ ਆਪਣੇ ਵੱਡੇ ਭਰਾ ਨੂੰ ਇੱਕ ਬਰਕਤ ਵਾਪਸ ਕਰੇਗਾ। ਯਾਕੂਬ ਵੀਹ ਸਾਲ ਪਹਿਲਾਂ ਏਸਾਓ ਦੇ ਨਾਲ ਕੀਤੇ ਆਪਣੇ ਬੁਰੇ ਵਿਹਾਰ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਦਕਿ ਉਸ ਨੇ ਪਰਗਟ ਰੂਪ ਵਿਚ ਏਸਾਓ ਤੋਂ ਮਾਫ਼ੀ ਨਹੀਂ ਮੰਗੀ ਸੀ, ਪਰ ਉਸ ਨੇ ਆਪਣੇ ਦੋਵਾਂ ਦੇ ਦਰਮਿਆਨ ਸ਼ਾਂਤੀ ਨੂੰ ਬਣਾਈ ਰੱਖਣ ਦੇ ਲਈ ਉਸ ਨੂੰ ਨਜ਼ਰਾਨਾ (ਬਰਕਤ) ਦਿੱਤੀ ਸੀ।[5]

ਕਿਉਂਕਿ ਯਾਕੂਬ **ਇਸ ਦੇ ਖੈਹੜੇ** ਪੈ ਗਿਆ ਸੀ, ਇਸ ਲਈ ਆਖਿਰਕਾਰ ਏਸਾਓ ਨੇ ਆਪਣੇ ਭਰਾ ਦੇ 550 ਜਾਨਵਰਾਂ ਦੇ ਮਹਾਨ ਨਜ਼ਰਾਨੇ ਨੂੰ ਕਬੂਲ ਕਰ ਲਿਆ (32:13-15)। ਇਸ ਮਾਮਲੇ ਵਿਚ, ਪੁਰਖਾ ਆਪਣੇ ਵੱਡੇ ਭਰਾ ਦੇ ਉਸੇ ਤਰ੍ਹਾਂ ਖੈਹੜੇ ਪੈ ਗਿਆ ਸੀ ਜਿਵੇਂ ਉਹ ਪਨੀਏਲ ਦੇ ਪਹਿਲਵਾਨ ਦੇ ਖੈਹੜੇ ਪੈ ਗਿਆ ਸੀ। ਜਦੋਂ ਉਸ ਨੇ ਸਵਰਗਦੂਤ ਨੂੰ ਕਿਹਾ ਸੀ, "ਮੈਂ ਤੈਨੂੰ ਨਹੀਂ ਜਾਣ ਦਿਆਂਗਾ ਜਦ ਤੀਕ ਤੂੰ ਮੈਨੂੰ ਬਰਕਤ ਨਾ ਦੇਵੇਂ" (32:26), ਉਹ ਏਸਾਓ ਨੂੰ ਕਹਿ ਰਿਹਾ ਸੀ, "ਮੈਂ ਤੈਨੂੰ ਉਸ ਸਮੇਂ ਤੱਕ ਜਾਣ ਨਹੀਂ ਦਿਆਂਗਾ ਜਦੋਂ ਤੱਕ ਤੂੰ ਮੇਰਾ ਨਜ਼ਰਾਨਾ ਸਵੀਕਾਰ ਨਾ ਕਰੇਂ।"[6] ਏਸਾਓ ਦੇ ਦੁਆਰਾ ਬਦਲੇ ਵਿਚ ਕੁਝ ਵੀ ਭੇਟ ਨਾ ਕਰਕੇ ਨਜ਼ਰਾਨੇ ਨੂੰ ਸਵੀਕਾਰ ਕਰਨਾ ਯਾਕੂਬ ਦੇ ਤੋਹਫ਼ੇ ਦੇ ਪ੍ਰਤਿ ਉਸ ਦੇ ਨਜ਼ਰੀਏ ਤੋਂ ਇਹ ਸੰਕੇਤ ਦਿੱਤਾ ਕਿ ਉਸ ਨੇ ਏਸਾਓ ਦੇ ਨਾਲ ਕੀਤੇ ਆਪਣੇ ਗਲਤ ਕੰਮਾਂ ਦਾ ਭੁਗਤਾਨ ਕੀਤਾ ਸੀ। ਜਦਕਿ ਲਾਬਾਨ ਦੇ ਨਾਲ ਯਾਕੂਬ ਦੇ ਸੰਘਰਸ਼ ਨੂੰ ਬਿਨਾਂ ਕਿਸੇ ਅਸਲੀ ਸੁਲਾਹ ਦੇ ਗੈਰ-ਉਲੰਘਣ ਸਮਝੌਤੇ ਦੇ ਦੁਆਰਾ ਹੱਲ ਕੀਤਾ ਗਿਆ ਸੀ, ਏਸਾਓ ਦੇ ਨਾਲ ਕੀਤੀਆਂ ਗਈਆਂ ਗਲਤੀਆਂ ਨੂੰ ਅਸਲੀ ਪਛਚਾਤਾਪ, ਉਦਾਰ ਨਜ਼ਰਾਨਿਆਂ, ਅਤੇ ਯਾਕੂਬ ਦੇ ਦੁਆਰਾ ਆਪਣੇ ਭਰਾ ਦੇ ਪ੍ਰਤਿ ਬਹੁਤ ਹੀ ਜ਼ਿਆਦਾ ਆਦਰ ਨੂੰ ਦਿਖਾਉਣ ਦੇ ਦੁਆਰਾ ਸੁਲਝਾਇਆ ਗਿਆ ਸੀ।

## ਯਾਕੂਬ ਅਤੇ ਏਸਾਓ ਦਾ ਆਪਣੇ ਆਪਣੇ ਰਾਹੇ ਜਾਣਾ (33:12-17)

**[12]ਫੇਰ ਓਸ ਆਖਿਆ, ਅਸੀਂ ਆਪਣੇ ਰਾਹ ਪੈ ਚੱਲੀਏ ਅਰ ਮੈਂ ਤੇਰੇ ਅੱਗੇ ਅੱਗੇ ਚੱਲਾਂਗਾ**
**[13]ਪਰ ਉਸ ਨੇ ਉਹ ਨੂੰ ਆਖਿਆ, ਮੇਰਾ ਸਵਾਮੀ ਜਾਣਦਾ ਹੈ ਕਿ ਬਾਲ ਸੋਹਲ ਹਨ ਅਰ ਮੇਰੇ ਕੋਲ ਭੇਡਾਂ ਬੱਕਰੀਆਂ ਅਰ ਗਊਆਂ ਲਵੇਰੀਆਂ ਹਨ ਅਰ ਜੇ ਓਹ ਇੱਕ ਦਿਨ ਵੱਧ ਹੱਕੇ ਜਾਣ ਤਾਂ ਸਾਰੇ ਇੱਜੜ ਮਰ ਜਾਣਗੇ।**
**[14]ਮੇਰਾ ਸਵਾਮੀ ਆਪਣੇ ਦਾਸ ਤੋਂ ਅੱਗੇ ਪਾਰ ਲੰਘ ਜਾਵੇ ਅਰ ਮੈਂ ਹੌਲੀ ਹੌਲੀ ਡੰਗਰਾਂ ਦੀ ਤੋਰ ਅਨੁਸਾਰ ਆਵਾਂਗਾ ਜਦ ਤੀਕ ਮੈਂ ਆਪਣੇ ਸਵਾਮੀ ਕੋਲ ਸ਼ੇਈਰ ਵਿੱਚ ਨਾ ਪਹੁੰਚਾਂ।**
**[15]ਉਪਰੰਤ ਏਸਾਓ ਆਖਿਆ, ਮੈਂ ਆਪਣੇ ਨਾਲ ਦੇ ਲੋਕਾਂ ਵਿੱਚੋਂ ਕਿੰਨਿਆਂਕੁ ਨੂੰ ਤੇਰੇ ਕੋਲ ਛੱਡਾਂ ਤਾਂ ਓਸ ਆਖਿਆ, ਕੀ ਲੋੜ ਹੈ? ਪਰ ਮੇਰੇ ਸਵਾਮੀ ਦੀਆਂ ਅੱਖਾਂ ਵਿੱਚ ਮੇਰੇ ਲਈ ਦਯਾ ਹੋਵੇ।**
**[16]ਤਾਂ ਉਸੇ ਦਿਨ ਏਸਾਓ ਨੇ ਫੇਰ ਸ਼ੇਈਰ ਦਾ ਰਾਹ ਫੜਿਆ ਅਰ ਯਾਕੂਬ ਸੁੱਕੋਥ ਦੇ ਰਾਹ ਪੈ ਗਿਆ।**
**[17]ਅਤੇ ਆਪਣੇ ਲਈ ਇੱਕ ਘਰ ਬਣਾਇਆ ਅਰ ਆਪਣੇ ਡੰਗਰਾਂ ਲਈ ਛੱਪਰ ਬਣਾਏ ਏਸ ਲਈ ਉਸ ਅਸਥਾਨ ਦਾ ਨਾਉਂ ਸੁੱਕੋਥ ਪੈ ਗਿਆ।**

**ਆਇਤ** 12. ਸਪੱਸ਼ਟ ਤੌਰ ਤੇ, **ਏਸਾਓ** ਨੇ ਸੋਚਿਆ ਕਿ ਸੁਲਹ ਅਤੇ ਕਿਰਪਾ ਨੂੰ ਬਹਾਲ ਕਰਨ ਦੇ ਲਈ ਯਾਕੂਬ ਦੇ ਨਾਲ ਉਸੇ ਖੇਤਰ ਵਿਚ ਪਰਾਹੁਣਾਚਾਰੀ ਅਤੇ ਦਯਾ ਨੂੰ ਬਹਾਲ ਕਰਨਾ ਸ਼ਾਮਲ ਹੈ। ਉਸ ਨੇ ਕਿਹਾ, **ਅਸੀਂ ਆਪਣੇ ਰਾਹ ਪੈ ਚੱਲੀਏ ਅਰ ਮੈਂ ਤੇਰੇ ਅੱਗੇ ਅੱਗੇ ਚੱਲਾਂਗਾ।** ਉਹ ਆਪਣੇ ਭਰਾ ਦੇ ਨਾਲ ਯਾਤਰਾ ਕਰਨ ਦੀ ਪੇਸ਼ਕਸ਼ ਕਰ ਰਿਹਾ ਸੀ ਅਤੇ ਸਪੱਸ਼ਟ ਤੌਰ ਤੇ ਉਹ ਉਸ ਦੇ ਲਈ ਅਤੇ ਉਸ ਦੇ ਸਾਥੀਆਂ ਦੇ ਲਈ ਸੁਰੱਖਿਅਤ ਰਸਤਾ ਪ੍ਰਦਾਨ ਕਰੇਗਾ। ਇਸ ਪੇਸ਼ਕਸ਼ ਦੇ ਨਾਲ, ਏਸਾਓ ਨੇ ਯਾਕੂਬ ਦੇ ਪ੍ਰਤਿ ਇੱਕ ਨਵਾਂ ਰਵੱਈਆ ਦਰਸਾਇਆ ਅਤੇ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ।

**ਆਇਤ** 13. ਪਹਿਲਾਂ ਏਸਾਓ ਨੇ ਯਾਕੂਬ ਦੇ ਨਜ਼ਰਾਨੇ ਨੂੰ ਠੁਕਰਾ ਦਿੱਤਾ ਸੀ, ਪਰ ਇਸ ਵਾਰ ਯਾਕੂਬ ਨੇ ਘਰ ਜਾਣ ਦੇ ਰਸਤੇ ਵਿਚ ਆਪਣੇ ਭਰਾ ਦੀ ਨਾਲ ਨਾਲ ਜਾਣ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ। ਭਾਵੇਂ ਏਸਾਓ ਨੇ ਆਪਣਾ ਮਨ ਬਦਲ ਲਿਆ, ਫਿਰ ਵੀ ਯਾਕੂਬ ਨੇ ਇਨਕਾਰ ਕਰ ਦਿੱਤਾ। ਯਾਕੂਬ ਆਪਣੇ ਇਨਕਾਰ ਤੇ ਦ੍ਰਿੜ ਰਿਹਾ; ਪਰ ਉਸ ਨੇ ਅਜਿਹਾ ਏਸਾਓ ਨੂੰ ਆਪਣਾ **ਸਵਾਮੀ** ਕਹਿੰਦੇ ਹੋਏ, ਨਿਮਰਤਾ ਦੇ ਨਾਲ ਕੀਤਾ ਸੀ। ਉਹ ਜਾਣਦਾ ਸੀ ਕਿ ਚਾਰ ਸੌ ਸ਼ਿਕਾਰੀ ਅਤੇ ਯੋਧੇ ਬਹੁਤ ਹੀ ਤੇਜ਼ੀ ਦੇ ਨਾਲ ਅੱਗੇ ਵੱਧਣਗੇ ਅਤੇ ਉਸ ਤਰੀਕੇ ਤੋਂ ਬਹੁਤ ਹੀ ਵੱਖਰੇ ਤਰੀਕੇ ਦੇ ਨਾਲ ਰਹਿਣਗੇ ਜਿਵੇਂ ਪਾਲੀ ਅਤੇ ਆਜੜੀ ਆਪਣੇ ਪਾਲਤੂ ਜਾਨਵਰਾਂ ਦੇ ਨਾਲ ਰਹਿੰਦੇ ਸਨ। ਉਸ ਦੀ ਮਦਦ ਅਤੇ ਸਾਥ ਤੋਂ ਇਨਕਾਰ ਦੇ ਸਪੱਸ਼ਟੀਕਰਣ ਦੇ ਰੂਪ ਵਿਚ, ਯਾਕੂਬ ਨੇ ਏਸਾਓ ਨੂੰ ਕਿਹਾ, **ਬਾਲ ਸੋਹਲ ਹਨ,** ਇਸ ਲਈ ਉਸ ਦੀ ਚਾਲ ਧੀਮੀ ਹੋਣੀ ਚਾਹੀਦੀ ਸੀ। ਕਿਉਂਕਿ ਬਹੁਤ ਸਾਰੇ ਨਵਜਾਤ ਬੱਚੇ **ਭੇਡਾਂ ਅਤੇ ਬੱਕਰੀਆਂ ਅਰ ਗਊਆਂ ਲਵੇਰੀਆਂ** ਵਿਚ ਪਲ ਰਹੇ ਸਨ, ਜੇ ਉਹ **ਇੱਕ ਦਿਨ ਵੱਧ ਹੱਕੇ ਜਾਣ,** ਤਾਂ ਉਸ ਨੂੰ ਡਰ ਸੀ ਕਿ **ਇੱਜੜ** ਜੀ ਨਹੀਂ ਸਕਣਗੇ।

**ਆਇਤ 14.** ਇਸ ਦੇ ਨਾਲ, ਯਾਕੂਬ ਨੇ ਇੱਕ ਉਲਟ ਪ੍ਰਸਤਾਵ ਬਣਾਇਆ, ਜਿਸ ਵਿਚ ਉਸ ਨੇ ਏਸਾਓ ਨੂੰ ਦੋ ਵਾਰ **ਸਵਾਮੀ** ਅਤੇ ਆਪਣੇ ਆਪ ਨੂੰ ਇੱਕ ਵਾਰ ਉਸ ਦਾ **ਦਾਸ** ਕਿਹਾ। ਉਸ ਨੇ ਆਪਣੇ ਭਰਾ ਨੂੰ ਬੇਨਤੀ ਕੀਤੀ ਕਿ ਉਹ ਉਸ ਤੋਂ **ਅੱਗੇ ਪਾਰ ਲੰਘ ਜਾਵੇ** ਅਤੇ ਕਿਹਾ ਕਿ ਉਹ **ਹੌਲੀ ਹੌਲੀ ਡੰਗਰਾਂ ਦੀ ਤੋਰ ਅਰ** [ਆਪਣੇ] **ਬਾਲਾਂ ਦੀ ਤੋਰ ਦੇ ਅਨੁਸਾਰ** ਅੱਗੇ ਵਧੇਗਾ, ਜਦੋਂ ਤੱਕ ਉਹ ਅਤੇ ਉਸ ਦੇ ਦਲ **ਸ਼ੇਈਰ** ਵਿਚ ਨਾ ਪਹੁੰਚ ਜਾਣ। ਇਸ ਗੱਲ ਦੇ ਉੱਤੇ ਸ਼ੱਕ ਹੈ ਕਿ

ਯਾਕੂਬ ਸ਼ੇਈਰ ਜਾਣਾ ਚਾਹੁੰਦਾ ਹੈ; ਅਤੇ ਜਿੱਥੋਂ ਤੱਕ ਬਾਈਬਲ ਦੇ ਰਿਕਾਰਡ ਦਾ ਸਵਾਲ ਹੈ, ਉਸ ਨੇ ਅਜਿਹਾ ਨਹੀਂ ਕੀਤਾ ਸੀ। ਸਿਰਫ ਇਸਹਾਕ ਦੀ ਮੌਤ ਤੇ ਭਰਾਵਾਂ ਦੀ ਇਕੋ ਮੁਲਾਕਾਤ ਹੋਈ ਜਦੋਂ ਉਹ ਇਕੱਠੇ ਹੋ ਕੇ ਆਪਣੇ ਪਿਤਾ ਨੂੰ ਮਕਫੇਲਾਹ ਦੀ ਗੁਫਾ ਵਿਚ ਹਬਰੋਨ ਵਿਚ ਦਫਨਾਉਣ ਦੇ ਲਈ ਆਏ (35:27-29)।

ਇਸ ਲਈ, ਉਤਪਤ ਦਾ ਲੇਖਕ ਨੇ, ਆਪਣੇ ਪਾਠਕਾਂ ਨੂੰ ਇਸ ਲੇਖ ਵਿਚ ਕਈ ਬਿਨਾਂ ਉੱਤਰ ਦੇ ਸਵਾਲਾਂ ਦੇ ਨਾਲ ਛੱਡ ਦਿੱਤਾ। ਪਹਿਲੀ ਸਮੱਸਿਆ ਏਸਾਓ ਦੇ ਨਾਲ ਸ਼ੇਈਰ ਤੋਂ ਦੱਖਣ ਵਿਚ ਯਾਤਰਾ ਕਰਨ ਦੇ ਲਈ ਯਾਕੂਬ ਦੇ ਅਸਲੀ ਮਕਸਦ ਦੇ ਨਾਲ ਸੰਬੰਧਤ ਹੈ। ਇਨ੍ਹਾਂ ਸਾਰੇ ਸਾਲਾਂ ਤੋਂ ਬਾਅਦ, ਕੀ ਉਸ ਨੇ ਆਪਣੇ ਭਰਾ ਤੇ ਅਵਿਸ਼ਵਾਸ ਕੀਤਾ ਅਤੇ ਵਿਸ਼ਵਾਸ ਕੀਤਾ ਕਿ ਉਸ ਦੇ ਅੱਥਰੂ ਝੂਠੇ ਸਨ? ਕੀ ਉਹ ਸੋਚਦਾ ਸੀ, ਕਿ ਭਾਵੇਂ ਏਸਾਓ ਦੇ ਦੁਆਰਾ ਦਿੱਤੀ ਗਈ ਮਾਫ਼ੀ ਅਸਲੀ ਸੀ, ਕੀ ਫਿਰ ਵੀ ਉਹ ਇਸ ਗੱਲ ਤੇ ਦੁਬਾਰਾ ਵਿਚਾਰ ਕਰ ਸਕਦਾ ਸੀ ਕਿ ਉਹ ਫਿਰ ਤੋਂ ਉਸ ਨੂੰ ਮਾਰਨਾ ਚਾਹੁੰਦਾ ਸੀ? ਇੱਥੋਂ ਤੱਕ ਕਿ ਜੇਕਰ ਉਸ ਦਾ ਭਰਾ ਆਪਣੀ ਮਾਫ਼ੀ ਵਿਚ ਈਮਾਨਦਾਰ ਸੀ, ਕਿਉਂਕਿ ਦੋਵੇਂ ਆਦਮੀ ਬਹੁਤ ਹੀ ਵੱਖਰੇ ਸਨ ਅਤੇ ਕਦੀ ਵੀ ਇਕੱਠੇ ਨਹੀਂ ਹੋਏ ਸਨ, ਤਾਂ ਇਸ ਗੱਲ ਦਾ ਕੀ ਭਰੋਸਾ ਸੀ ਕਿ ਉਹ ਦੁਬਾਰਾ ਨਹੀਂ ਲੜਣਗੇ? ਕੀ ਯਾਕੂਬ ਨੂੰ ਯਾਦ ਨਹੀਂ ਸੀ ਕਿ ਸ਼ੇਈਰ ਉਹ ਸਥਾਨ ਨਹੀਂ ਸੀ ਜਿੱਥੇ ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਵੱਸੇ? ਦੋ ਵਾਰ ਪਰਮੇਸ਼ੁਰ ਨੇ ਵਾਇਦਾ ਕੀਤਾ ਸੀ ਕਿ ਕਨਾਨ ਦੇਸ ਉਸ ਦਾ ਵਿਰਸਾ ਹੈ (28:13-15; 31:3)। ਕੀ ਯਾਕੂਬ ਨੇ ਏਸਾਓ ਨਾਲ ਗੱਲ ਕਰਦੇ ਹੋਏ ਕਨਾਨ ਵਿਚ ਧਰਤੀ ਦੇ ਵਾਇਦੇ ਬਾਰੇ ਪੁਰਾਣੇ ਜ਼ਖਮਾਂ ਨੂੰ ਤਾਜ਼ਾ ਕਰਨ ਤੋਂ ਬਚਣ ਦੇ ਲਈ ਉਸ ਨੂੰ ਇਹ ਗੱਲ ਨਹੀਂ ਦੱਸੀ ਸੀ ਕਿ ਕਨਾਨ ਉਸ ਦਾ ਵਾਇਦਾ ਕੀਤਾ ਹੋਇਆ ਦੇਸ ਹੈ, ਜਿਸ ਵਿਚ ਉਸ ਦਾ ਭਰਾ ਸ਼ਾਮਲ ਨਹੀਂ ਸੀ?

ਦੂਸਰੀ ਸਮੱਸਿਆ ਇਹ ਸੀ ਕਿ ਏਸਾਓ ਦਿੱਤੇ ਗਏ 550 ਜਾਨਵਰਾਂ ਦੇ ਨਾਲ ਕੀ ਹੋਇਆ ਸੀ। ਕੀ ਏਸਾਓ ਨੇ ਜਾਨਵਰਾਂ ਦੇ ਆਪਣੇ ਹਿੱਸੇ ਨੂੰ ਆਪਣੇ ਅਤੇ ਆਪਣੇ ਨਾਲ ਦੇ ਚਾਰ ਸੌ ਆਦਮੀਆਂ ਦੇ ਨਾਲ ਲੈ ਲਿਆ ਸੀ? ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਨੂੰ ਵੀ ਹੌਲੀ ਹੌਲੀ ਯਾਤਰਾ ਕਰਨੀ ਪੈਣੀ ਸੀ। ਤਾਂ ਯਾਕੂਬ ਅਤੇ ਉਸ ਦੀਆਂ ਪਤਨੀਆਂ, ਅਤੇ ਜਾਨਵਰਾਂ ਦੇ ਦਲ ਨੂੰ ਕਨਾਨ ਦੇਸ ਦੇ ਰਾਹ ਤੇ ਉਸ ਦੇ ਨਾਲ ਰਹਿਣ ਵਿਚ ਕੋਈ ਸਮੱਸਿਆ ਨਹੀਂ ਸੀ, ਅਤੇ 33:14, 15 ਦੇ ਇਨਕਾਰ ਦਾ ਕੋਈ ਵੀ ਅਰਥ ਨਹੀਂ ਸੀ। ਜੇਕਰ ਏਸਾਓ ਨੇ ਛੇਤੀ ਘਰ ਜਾਣ ਦੇ ਲਈ ਆਪਣੇ ਭੇਡਾਂ ਬੱਕਰੀਆਂ ਅਤੇ ਵੱਗਾਂ ਨੂੰ ਯਾਕੂਬ ਦੇ ਕੋਲ ਛੱਡ ਦਿੱਤਾ ਸੀ, ਤਾਂ ਫਿਰ ਜਾਂ ਤਾਂ ਉਸ ਨੂੰ ਜਾਂ ਉਸ ਦੇ ਆਦਮੀਆਂ ਨੂੰ ਭਵਿੱਖ ਵਿਚ ਕਨਾਨ ਵਿਚ ਜਾਣਾ ਪਵੇਗਾ ਤਾਂਕਿ ਉਹ ਜਾਂ ਯਾਕੂਬ ਉਨ੍ਹਾਂ ਨੂੰ ਸ਼ੇਈਰ ਵਿਚ ਏਸਾਓ ਦੇ ਕੋਲ ਪਹੁੰਚਾ ਦੇਵੇ। ਜਦਕਿ ਯਾਕੂਬ ਇੰਨਾ ਵੱਡਾ ਝੂਠਾ ਅਤੇ ਧੋਖੇਬਾਜ਼ ਰਿਹਾ ਸੀ, ਤਾਂ ਹੁਣ ਉਸ ਦਾ ਭਰਾ ਇਨ੍ਹਾਂ ਸਾਰੇ ਵਾਇਦਾ ਕੀਤਾ ਹੋਏ ਜਾਨਵਰਾਂ ਦੇ ਲਈ ਉਸ ਉੱਤੇ ਭਰੋਸਾ ਕਿਉਂ ਕਰੇਗਾ? ਭਾਵੇਂ ਯਾਕੂਬ ਨੇ ਆਪਣੇ ਭਰਾ ਦੇ ਨਾਲ ਯਾਤਰਾ ਕੀਤੀ ਸੀ ਭਾਵੇਂ ਨਹੀਂ ਕੀਤੀ ਸੀ, ਪਰ ਉਸ ਨੇ ਆਪਣੇ ਭਰਾ ਦੇ ਨਾਲ ਸ਼ੇਈਰ ਜਾਣ ਦਾ ਵਾਇਦਾ ਕੀਤਾ ਸੀ, ਜਿਸ ਨੂੰ ਉਸ ਨੇ ਆਪਣੇ "ਸਵਾਮੀ" ਦੇ ਰੂਪ ਵਿਚ ਪਛਾਣਿਆ ਸੀ?

ਜਿੱਥੋਂ ਤੱਕ ਅਸੀਂ ਉਤਪਤੀ ਦੀ ਲਿਖਤ ਤੋਂ ਦੱਸ ਸਕਦੇ ਹਾਂ, ਯਾਕੂਬ ਨੇ ਕਦੀ ਵੀ ਅਜਿਹੀ ਯਾਤਰਾ ਨਹੀਂ ਕੀਤੀ ਸੀ, ਨਾ ਹੀ ਉਹ ਇਹ ਕਰਨਾ ਚਾਹੁੰਦਾ ਸੀ। ਨਿਮਰਤਾ ਭਰੀ ਪਰ ਵਿਦਰੋਹੀ ਗੱਲਬਾਤ ਦੀ ਇਸ ਸੰਸਕ੍ਰਿਤੀ ਵਿਚ, ਇਹ ਅਸੰਭਵ ਹੈ ਕਿ ਪੁਰਖੇ ਨੇ ਏਸਾਓ ਨੂੰ

ਸਪੱਸ਼ਟ ਤੌਰ ਤੇ ਕਿਹਾ ਹੋਵੇਗਾ ਕਿ, "ਮੈਂ ਤੇਰੇ ਨਾਲ ਨਹੀਂ ਜਾ ਸਕਦਾ, ਕਿਉਂਕਿ ਸ਼ੇਈਰ ਮੇਰਾ ਘਰ ਨਹੀਂ ਹੈ।" ਇਸ ਕਿਸਮ ਦੇ ਬਿਆਨ ਨੇ ਉਸ ਦੇ ਵੱਡੇ ਭਰਾ ਨੂੰ ਪਰੇਸ਼ਾਨ ਕਰ ਦੇਣਾ ਸੀ, ਅਤੇ ਉਨ੍ਹਾਂ ਦਾ ਮੇਲ-ਮਿਲਾਪ ਥੋੜੇ ਸਮੇਂ ਦਾ ਹੀ ਹੋਣਾ ਸੀ। ਕਿਉਂਕਿ ਲੇਖਕ ਨੇ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਹੀਂ ਦਿੱਤਾ ਹੈ ਇਸ ਲਈ ਕਲਪਨਾਵਾਂ ਕਰਨਾ ਵਿਅਰਥ ਹੈ। ਇੱਕ ਸੱਚਾਈ ਨਿਸ਼ਚਤ ਹੈ: ਵੀਹ ਸਾਲਾਂ ਦੇ ਬਾਅਦ ਦੋਵਾਂ ਭਰਾਵਾਂ ਦੇ ਵਿਚਕਾਰ ਹੋਣ ਵਾਲੇ ਮੇਲ-ਮਿਲਾਪ ਦੇ ਬਾਵਜੂਦ, ਯਾਕੂਬ ਫਿਰ ਵੀ ਏਸਾਓ ਤੋਂ ਡਰਦਾ ਸੀ ਅਤੇ ਉਸ ਦੇ ਨਾਲ ਸਾਵਧਾਨੀ ਦੇ ਨਾਲ ਵਿਹਾਰ ਕਰਦਾ ਸੀ। ਉਸ ਨੇ ਨਜ਼ਰਾਨੇ ਦੇਣ, ਅਤੇ ਏਸਾਓ ਨੂੰ ਆਪਣਾ "ਸਵਾਮੀ" ਅਤੇ ਆਪਣੇ ਆਪ ਨੂੰ ਉਸ ਦਾ "ਨੌਕਰ" ਕਹਿਣ ਦੇ ਦੁਆਰਾ ਆਪਣੇ ਭਰਾ ਦੀ "ਕਿਰਪਾ" ਨੂੰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ।

**ਆਇਤ 15. ਏਸਾਓ** ਨੇ ਸ਼ੇਈਰ ਨਾ ਜਾਣ ਦੇ ਆਪਣੇ ਭਰਾ ਦੇ ਕਾਰਣ ਨੂੰ ਸਵੀਕਾਰ ਕੀਤਾ; ਪਰ ਉਸ ਨੇ ਇਹ ਪ੍ਰਸਤਾਵ ਰੱਖ ਕੇ ਕਿ ਉਹ **ਆਪਣੇ ਲੋਕਾਂ ਵਿੱਚੋਂ ਕਿੰਨਿਆਂਕੁ ਨੂੰ** ਛੱਡੇ ਕਿ ਉਹ ਯਾਕੂਬ ਦੇ ਦਲ ਦੀ ਘਰ ਨੂੰ ਜਾਣ ਦੀ ਯਾਤਰਾ ਵਿਚ ਉਨ੍ਹਾਂ ਦਾ ਮਾਰਗਦਰਸ਼ਣ ਅਤੇ ਰੱਖਿਆ ਕਰਨ। ਇੱਕ ਵਾਰ ਫਿਰ, ਯਾਕੂਬ ਨੇ ਰੱਖਿਅਕ ਦਲ ਦੀ ਲੋੜ ਨੂੰ ਬਹੁਤ ਹੀ ਘੱਟ ਕਰਦੇ ਹੋਏ ਏਸਾਓ ਦੇ ਪ੍ਰਸਤਾਵ ਤੋਂ ਇਨਕਾਰ ਕਰ ਦਿੱਤਾ। ਉਸ ਨੇ ਪੁੱਛਿਆ, **ਕੀ ਲੋੜ ਹੈ?** ਉਸ ਨੇ ਫਿਰ ਉਸ ਨੂੰ ਏਸਾਓ ਨੂੰ ਆਪਣਾ **ਸਵਾਮੀ ਕਹਿੰਦੇ ਹੋਏ,** ਉਸ ਦੇ ਕੋਲੋਂ **ਦਯਾ** ਲਈ ਬੇਨਤੀ ਕੀਤੀ।

ਕੀ ਇਹ ਏਸਾਓ ਦਾ ਡਰ ਸੀ ਜਾਂ ਪਰਮੇਸ਼ੁਰ ਵਿਚ ਵਿਸ਼ਵਾਸ ਸੀ ਜਿਸ ਦੇ ਕਾਰਣ ਪੁਰਖੇ ਨੇ ਆਪਣੇ ਭਰਾ ਦੀ ਦੂਸਰੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ? ਪਰਮੇਸ਼ੁਰ ਨੇ ਯਾਕੂਬ ਦੇ ਨਾਲ ਵਾਇਦਾ ਕੀਤਾ ਸੀ ਕਿ ਉਹ ਉਸ ਨੂੰ ਸਹੀ ਸਲਾਮਤ ਕਨਾਨ ਵਿਚ ਵਾਪਸ ਲੈ ਆਵੇਗਾ (28:13-15; 31:3), ਸ਼ਾਇਦ ਇਸੇ ਲਈ ਯਾਕੂਬ ਨੂੰ ਹੋਰ ਸਹਾਇਤਾ ਦੀ ਲੋੜ ਨਹੀਂ ਸੀ। ਕਿਉਂਕਿ ਲੇਖਕ ਨੇ ਸਾਨੂੰ ਯਾਕੂਬ ਦੇ ਮਨ ਦੀ ਸਥਿਤੀ ਦੇ ਵਿਸ਼ੇ ਬਾਰੇ ਜਾਣਕਾਰੀ ਨਹੀਂ ਦਿੱਤੀ, ਇਸ ਲਈ ਇਸ ਗੱਲ ਦਾ ਨਿਸ਼ਚਤ ਫੈਸਲਾ ਨਹੀਂ ਕੀਤਾ ਜਾ ਸਕਦਾ। ਇਹ ਵਿਸ਼ਵਾਸ ਅਤੇ ਡਰ ਦਾ ਮਿਸ਼ਰਣ ਹੋ ਸਕਦਾ ਹੈ ਜਿਸ ਕਾਰਣ ਏਸਾਓ ਅਤੇ ਉਸ ਦੇ ਆਦਮੀਆਂ ਤੋਂ ਅਲੱਗ ਰਹਿਣ ਦਾ ਫ਼ੈਸਲਾ ਲੈ ਲਿਆ ਗਿਆ।

**ਆਇਤ 16.** ਭਰਾ ਆਪਣੇ ਵੱਖਰੇ-ਵੱਖਰੇ ਰਾਹਾਂ ਤੇ ਚਲੇ ਗਏ; ਅਤੇ ਜਿੱਥੋਂ ਤੱਕ ਬਾਈਬਲ ਦੀ ਲਿਖਤ ਦਾ ਸੰਬੰਧ ਹੈ; ਉਨ੍ਹਾਂ ਦੇ ਪਿਤਾ ਨੂੰ ਦਫ਼ਨਾਉਣ ਦੇ ਵੇਲੇ ਉਨ੍ਹਾਂ ਦਾ ਮੁੜ-ਮਿਲਾਪ ਸੰਖੇਪ ਹੈ (35:27-29)। ਹਾਲਾਂਕਿ ਉਨ੍ਹਾਂ ਦਾ ਵਿਛੜਣਾ ਦੁਖਦਾਇਕ ਸੀ, ਪਰ ਅਜਿਹਾ ਹੋਣਾ ਨਿਸ਼ਚਤ ਸੀ ਕਿਉਂਕਿ ਉਨ੍ਹਾਂ ਦਾ ਸੁਭਾਅ, ਵਿਸ਼ਵਾਸ, ਜੀਵਨ, ਅਤੇ ਕਿਸਮਤ ਬਹੁਤ ਹੀ ਜ਼ਿਆਦਾ ਭਿੰਨ ਸਨ (ਇਬਰਾਨੀਆਂ 11:20, 21; 12:16, 17)। ਇਸ ਲਈ, **ਉਸੇ ਦਿਨ ਏਸਾਓ ਨੇ ਫੇਰ ਸ਼ੇਈਰ ਦਾ ਰਾਹ ਫੜਿਆ।** ਸਪੱਸ਼ਟ ਤੌਰ ਤੇ ਉਸ ਨੇ ਅਤੇ ਉਸ ਦੇ ਆਦਮੀਆਂ ਨੇ ਸ਼ੇਈਰ ਦੀ ਵੱਲ ਆਪਣੇ ਕਦਮਾਂ ਨੂੰ ਰੋਕਿਆ, ਸ਼ਾਇਦ ਯਰਦਨ ਨਦੀ ਦੇ ਪੂਰਬੀ ਪਾਸੇ ਅਤੇ ਮ੍ਰਿਤ ਸਾਗਰ ਵੱਲ।

**ਆਇਤ 17. ਯਾਕੂਬ**, ਹੁਣ ਵੀ ਯਰਦਨ ਦੇ ਪੂਰਬ ਵਿਚ, ਪੱਛਮ ਵਿਚ ਨਦੀ ਅਤੇ ਕਨਾਨ ਵੱਲ ਵੱਧ ਗਿਆ, ਜੋ **ਸੁੱਕੋਥ ਵੱਲ ਜਾਂਦਾ ਹੈ, ਜਿਸ ਦਾ ਅਰਥ ਹੈ** "ਛੱਪਰ" ਜਾਂ "ਬੂਥ।" ਸਹੀ ਸਥਾਨ ਦੇ ਵਿਸ਼ੇ ਵਿਚ ਬਹਿਸ ਕੀਤੀ ਜਾਂਦੀ ਹੈ, ਪਰ 1 ਰਾਜਿਆਂ 7:46 ਇਸ ਨੂੰ "ਯਰਦਨ ਦੇ ਮਦਾਨ ਵਿੱਚ" "ਸਾਰਥਾਨ" ਦੇ ਨੇੜੇ ਦਰਸਾਉਂਦਾ ਹੈ। ਯਹੋਸ਼ੁਆ 13:27 ਸੁੱਕੋਥ ਨੂੰ ਗਾਦ ਦੇ ਆਦਿਵਾਸੀ ਇਲਾਕੇ ਵਿਚ ਰੱਖਦਾ ਹੈ, ਜੋ ਸੀਹੋਨ ਦੇ ਸਾਮਰਾਜ ਦਾ ਹਿੱਸਾ ਸੀ। ਇਹ ਰਾਜਾ

ਕਨਾਨ ਦੀ ਫਤਹ ਦੇ ਸਮੇਂ ਹਸ਼ਬੋਨ (ਯਰਦਨ ਦੇ ਪੂਰਬ ਵੱਲ) ਰਾਜ ਕਰਦਾ ਸੀ। ਯਾਕੂਬ ਹਾਰਾਨ ਤੋਂ ਲੰਮੀ ਯਾਤਰਾ ਤੋਂ ਬਾਅਦ ਆਪਣੇ ਪਰਿਵਾਰ ਅਤੇ ਜਾਨਵਰਾਂ ਨੂੰ ਆਰਾਮ ਦਿਵਾਉਣ ਦੇ ਲਈ ਇੱਕ ਲੰਮੇ ਸਮੇਂ ਦੇ ਲਈ, ਸੁੱਕੋਥ ਵਿਚ ਵੱਸ ਗਿਆ। ਉੱਥੇ ਉਸ ਨੇ **ਆਪਣੇ ਲਈ ਇੱਕ ਘਰ ਬਣਾਇਆ ਅਰ ਆਪਣੇ ਡੰਗਰਾਂ ਲਈ ਛੱਪਰ** [*סֻכֹּת*, *ਸੁੱਕੋਥ*] **ਬਣਾਏ**।

ਯਾਕੂਬ ਅਤੇ ਉਸ ਦਾ ਦਲ ਸੁੱਕੋਥ ਵਿਚ ਕਿੰਨੀ ਦੇਰ ਦੇ ਲਈ ਰਹੇ ਇਹ ਅਗਿਆਤ ਹੈ। ਕੁਝ ਮੰਨਦੇ ਹਨ ਕਿ ਉਹ ਕੁਝ ਮਹੀਨਿਆਂ ਦੇ ਲਈ ਹੀ ਉੱਥੇ ਠਹਿਰੇ ਸਨ, ਜਦਕਿ ਹੋਰ ਲੋਕ ਲੰਮੇ ਸਮੇਂ ਦਾ ਪ੍ਰਸਤਾਵ ਦਿੰਦੇ ਹਨ। ਉਹ ਭਾਵੇਂ ਕਿੰਨਾ ਸਮਾਂ ਵੀ ਰਹੇ ਹੋਏ ਹੋਣ, ਪਰ ਸਪੱਸ਼ਟ ਹੈ ਕਿ ਉਨ੍ਹਾਂ ਦਾ ਇਰਾਦਾ ਉੱਥੇ ਸਥਾਈ ਘਰ ਜਾਂ ਛੱਪਰਾਂ ਦਾ ਨਹੀਂ ਸੀ ਜੋ ਉਨ੍ਹਾਂ ਨੇ ਸਥਾਈ ਤਰੀਕੇ ਨਾਲ ਬਣਾਏ ਸਨ ਕਿਉਂਕਿ ਉਹ ਹੁਣ ਤੱਕ ਕਨਾਨ ਦੇ ਦੇਸ ਵਿਚ ਨਹੀਂ ਪਹੁੰਚੇ ਸਨ। ਫਿਰ ਵੀ, ਸੁੱਕੋਥ ਥੱਕੇ ਹੋਏ ਯਾਤਰੀਆਂ ਅਤੇ ਉਨ੍ਹਾਂ ਦੇ ਪਸ਼ੂਆਂ ਦੇ ਲਈ ਰਾਹਤ ਦਾ ਸਥਾਨ ਸੀ, ਅਤੇ ਇਹ ਯਰਦਨ ਪਾਰ ਕਰਨ ਦੇ ਲਈ ਮੰਚ ਖੇਤਰ ਵੀ ਪ੍ਰਦਾਨ ਕਰਦਾ ਹੈ।

## ਯਾਕੂਬ ਅਤੇ ਉਸ ਦੇ ਪਰਿਵਾਰ ਦਾ ਸ਼ਕਮ ਵਿਚ ਜਾ ਵੱਸਣਾ (33:18-20)

**[18]ਯਾਕੂਬ ਸ਼ਾਂਤੀ ਨਾਲ ਪਦਨ ਅਰਾਮ ਵਿੱਚੋਂ ਨਿੱਕਲ ਕੇ ਕਨਾਨ ਦੇਸ ਦੇ ਨਗਰ ਸ਼ਕਮ ਵਿੱਚ ਆਇਆ ਅਤੇ ਨਗਰ ਦੇ ਅੱਗੇ ਆਪਣਾ ਡੇਰਾ ਲਾਇਆ। [19]ਅਰ ਪੈਲੀ ਦਾ ਖੱਤਾ ਜਿੱਥੇ ਆਪਣਾ ਤੰਬੂ ਲਾਇਆ ਸ਼ਕਮ ਦੇ ਪਿਤਾ ਹਮੋਰ ਦੇ ਪੁੱਤ੍ਰਾਂ ਦੇ ਹੱਥੋਂ ਚਾਂਦੀ ਦੇ ਇੱਕ ਸੌ ਟਕੇ ਨਾਲ ਮੁੱਲ ਲਿਆ ਸੀ। [20]ਉੱਥੇ ਉਸ ਨੇ ਇੱਕ ਜਗਵੇਦੀ ਬਣਾਈ ਅਤੇ ਉਸ ਨੇ ਏਲ ਏਲੋਹੇ ਇਸਰਾਏਲ ਸੱਦਿਆ।**

**ਆਇਤ 18.** ਜਦੋਂ ਸਹੀ ਸਮਾਂ ਆਇਆ, ਤਾਂ **ਯਾਕੂਬ** ਅਤੇ ਉਸ ਦੇ ਦਲ ਨੇ ਯਰਦਨ ਪਾਰ ਕੀਤੀ ਅਤੇ ਪੱਛਮ ਵਿਚ ਲਗਭਗ ਵੀਹਾਂ ਦਿਨਾਂ ਦੀ ਯਾਤਰਾ ਕੀਤੀ। ਉਹ **ਸ਼ਾਂਤੀ ਨਾਲ** [ਸਹੀ ਸਲਾਮਤ] **ਨਿੱਕਲ ਕੇ ਕਨਾਨ ਦੇਸ ਦੇ ਨਗਰ ਸ਼ਕਮ ਵਿੱਚ ਆਇਆ**। ਫਿਰ ਉਨ੍ਹਾਂ ਨੇ **ਨਗਰ ਦੇ ਅੱਗੇ ਆਪਣਾ ਡੇਰਾ ਲਾਇਆ**। ਸਭ ਤੋਂ ਵੱਧ ਸੰਭਾਵਨਾ ਇਹ ਹੈ ਕਿ ਲੇਖਕ ਦੇ ਦੁਆਰਾ ਪੁਰਖੇ ਦੇ ਸ਼ਾਂਤੀ ਨਾਲ ਕਨਾਨ ਦੇਸ ਵਿਚ ਪ੍ਰਵੇਸ਼ ਅਤੇ ਸ਼ਕਮ ਦੇ ਨੇੜੇ ਵੱਸ ਜਾਣ ਦਾ ਉਲੇਖ ਕਰਨ ਦਾ ਉਦੇਸ਼ ਇਸ ਗੱਲ ਨੂੰ ਦਰਸਾਉਣਾ ਹੈ ਕਿ, ਪ੍ਰਭੂ ਨੇ ਉਸ ਦੀ ਪ੍ਰਾਰਥਨਾ ਦਾ ਉੱਤਰ ਦਿੱਤਾ ਸੀ (28:21)।

ਯਾਕੂਬ ਦੇ ਕਨਾਨ ਵਿਚ ਆਉਣ ਦੇ ਇਸ ਵਿਰਤਾਂਤ ਵਿਚ ਇੱਕ ਦਿਲਚਸਪ ਸਮਾਨਤਾ ਹੈ: ਇਹ ਕਈ ਸਾਲ ਪਹਿਲਾਂ ਅਬਰਾਹਾਮ ਦੇ ਕਨਾਨ ਵਿਚੋਂ ਆਉਣ ਦੀ ਯਾਦ ਦਿਵਾਉਂਦਾ ਹੈ। ਅਸੀਂ ਨਹੀਂ ਜਾਣਦੇ ਕਿ ਅਬਰਾਹਾਮ ਨੇ ਯਰਦਨ ਨਦੀ ਕਿੱਥੇ ਪਾਰ ਕੀਤੀ ਸੀ; ਪਰ ਉਸ ਦਾ ਪਹਿਲਾ ਦਰਜ ਕੀਤਾ ਗਿਆ ਰੁੱਕਣ ਦਾ ਸਥਾਨ ਸ਼ਕਮ ਦੇ ਕੋਲ ਸੀ, ਅਤੇ ਉੱਥੇ ਉਸ ਨੇ ਇੱਕ ਵੇਦੀ ਬਣਾਈ (12:6, 7)। ਯਾਕੂਬ ਵੀ ਉਹੀ ਕਰੇਗਾ (33:20)।

**ਆਇਤ 19.** ਆਪਣੇ ਪੋਤੇ ਦੇ ਉਲਟ, ਕੋਈ ਵੀ ਜ਼ਮੀਨ ਖਰੀਦਣ ਤੋਂ ਪਹਿਲਾਂ ਕਈ ਸਾਲ ਉਡੀਕ ਕੀਤੀ; ਅਤੇ ਉਸ ਨੇ ਅਜਿਹਾ ਸਿਰਫ ਉਸ ਨੇ ਇਸ ਲਈ ਕੀਤਾ ਕਿਉਂਕਿ ਉਸ ਨੂੰ ਸਾਰਾਹ ਦੇ ਸਰੀਰ ਨੂੰ ਦਫ਼ਨ ਕਰਨ ਦੇ ਲਈ ਧਰਤੀ ਦੇ ਇੱਕ ਟੁਕੜੇ ਦੀ ਲੋੜ ਸੀ (23:17-20)। ਪਰ, ਯਾਕੂਬ, ਸ਼ਕਮ ਵਿਚ ਰੁੱਕਿਆ ਅਤੇ ਉਸ **ਵੇਲੇ ਪੈਲੀ ਦਾ ਖੱਤਾ ਜਿੱਥੇ ਆਪਣਾ ਤੰਬੂ**

**ਲਾਇਆ ਮੁੱਲ ਲਿਆ ਸੀ**।

ਯਾਕੂਬ ਨੇ ਇਹ ਧਰਤੀ **ਹਮੋਰ ਦੇ ਪੁੱਤ੍ਰਾਂ ਦੇ ਹੱਥੋਂ ਚਾਂਦੀ ਦੇ ਇੱਕ ਸੌ ਟਕੇ** (*ਨੑਾਂਸ਼ੑਕ੍ਰ, ਕੇਜ਼ੀਟਾਹ)* **ਨਾਲ ਮੁੱਲ ਲਿਆ ਸੀ**। ਕਿਉਂਕਿ ਪੈਸੇ ਦੀ ਇਸ ਇਕਾਈ ਦਾ ਮੁੱਲ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਹੈ,[8] ਇਸ ਲਈ ਸਾਡੇ ਕੋਲ ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ ਕਿ ਪੈਲੀ ਦਾ ਖੱਤਾ ਕਿੰਨਾ ਕੁ ਮਹਿੰਗਾ ਸੀ। ਪਰ, ਯਾਕੂਬ ਦੇ ਪਰਿਵਾਰ ਦੀ ਕੀਮਤ ਪੈਸੇ ਦੇ ਮੁੱਲ ਨਾਲੋਂ ਕਿਤੇ ਵਧੀਕ ਸੀ। ਜਿਨ੍ਹਾਂ ਲੋਕਾਂ ਨੇ ਯਾਕੂਬ ਨੂੰ ਜ਼ਮੀਨ ਵੇਚੀ ਸੀ ਉਹ ਹਿੱਵੀ ਲੋਕ ਸਨ, ਅਤੇ ਪਰਮੇਸ਼ੁਰ ਦੇ ਲੋਕਾਂ ਨੂੰ ਉਨ੍ਹਾਂ ਤੋਂ ਵੱਖਰੇ ਰਹਿਣਾ ਚਾਹੀਦਾ ਸੀ। (ਹਮੋਰ ਅਤੇ ਸ਼ਕਮ ਦੇ ਨਾਲ ਅਧਿਆਇ 34 ਵਿਚ ਸਾਹਮਣਾ ਹੋਵੇਗਾ।) ਭਾਵੇਂ ਇਹ ਰਿਕਾਰਡ ਕੋਈ ਜ਼ਿਕਰ ਨਹੀਂ ਕਰਦਾ ਕਿ ਪੁਰਖੇ ਨੇ ਉੱਥੇ ਇੱਕ ਖੂਹ ਪੁੱਟਿਆ ਸੀ, ਪਰ ਨਵਾਂ ਨੇਮ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਸ ਨੇ ਖੂਹ ਪੁੱਟਿਆ ਸੀ ਯੂਹੰਨਾ 4:5, 6.

**ਆਇਤ 20.** ਫਿਰ, ਜਿਵੇਂ ਅਬਰਾਹਾਮ ਨੇ ਕੀਤਾ ਸੀ, ਯਾਕੂਬ ਨੇ **ਇੱਕ ਜਗਵੇਦੀ ਬਣਾਈ।** ਉਸ ਨੇ **ਉਸ ਨੂੰ ਏਲ ਏਲੋਹੇ ਇਸਰਾਏਲ ਸੱਦਿਆ**, ਜਿਸ ਦਾ ਅਰਥ ਹੈ "ਪਰਮੇਸ਼ੁਰ, ਇਸਰਾਏਲ [ਯਾਕੂਬ] ਦਾ ਪਰਮੇਸ਼ੁਰ।" ਇਸ ਤਰੀਕੇ ਨਾਲ, ਪੁਰਖੇ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਪਰਮੇਸ਼ੁਰ ਜਿਸ ਦੇ ਨਾਲ ਉਸ ਨੇ ਪਨੀਏਲ ਵਿਚ ਘੋਲ ਕੀਤਾ ਸੀ, ਅਤੇ ਜਿਸ ਨੇ ਉਸ ਦਾ ਨਾਮ ਬਦਲ ਕੇ "ਇਸਰਾਏਲ" ਰੱਖ ਦਿੱਤਾ ਸੀ, ਉਹ ਹੁਣ ਉਸ ਦਾ ਪਰਮੇਸ਼ੁਰ ਸੀ।

# ਪ੍ਰਾਸੰਗਿਕਤਾ

## ਭਰਾਵਾਂ ਵਿਚ ਸਹਿਮਤੀ (33:1-17)

ਦੋ ਭਰਾਵਾਂ ਦੇ ਵਿਚਕਾਰ ਮੇਲ-ਮਿਲਾਪ ਦੇ ਵਿਸ਼ੇ ਵਿਚ ਇਹ ਅਧਿਆਇ ਇਸ ਗੱਲ ਦੀ ਇੱਕ ਵਿਧੀਆ ਉਦਾਹਰਣ ਪੇਸ਼ ਕਰਦਾ ਹੈ ਕਿ ਕਿਵੇਂ ਬਾਈਬਲ ਦੇ ਵਿਦਵਾਨ ਇੱਕੋ ਹੀ ਕਹਾਣੀ ਨੂੰ ਪੜ੍ਹ ਕੇ, ਦੋ ਵੱਖਰੇ-ਵੱਖਰੇ ਸਿੱਟਿਆਂ ਤੇ ਪਹੁੰਚ ਸਕਦੇ ਹਨ। ਕੁਝ ਏਸਾਓ ਦੀ ਤਾਰੀਫ਼ ਕਰਦੇ ਹਨ। ਕੁਝ ਲੋਕ ਏਸਾਓ ਦੀ ਉਦਾਰ, ਦਿਆਲੂ, ਅਤੇ ਮਾਫ਼ ਕਰਨ ਵਾਲੇ ਵਿਅਕਤੀ ਦੇ ਰੂਪ ਵਿਚ ਪ੍ਰਸ਼ੰਸਾ ਕਰਦੇ ਹਨ ਜਿਸ ਦਾ ਚੇਹਰਾ ਇਸ ਮੁਲਾਕਾਤ ਦੇ ਵਿਚ ਯਾਕੂਬ ਦੇ ਲਈ "ਪਰਮੇਸ਼ੁਰ ਦੇ ਮੁੱਖ ਦੇ ਵੇਖਣ ਦੇ ਤੁੱਲ" ਸੀ (33:10)। ਇਸ ਦੇ ਉਲਟ, ਉਨ੍ਹਾਂ ਦੇ ਕੋਲ ਯਾਕੂਬ ਦੇ ਲਈ, ਲਾਲਚੀ ਅਤੇ ਧੋਖਾ ਦੇਣ ਵਾਲੇ ਸਕੀਮੀ ਦੇ ਰੂਪ ਵਿਚ ਘ੍ਰਿਣਾ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ, ਜੋ ਆਪ ਦੀ ਸੁਰੱਖਿਆ ਦੇ ਲਈ ਆਪਣੇ ਨੌਕਰਾਂ, ਪਤਨੀਆਂ, ਬੱਚਿਆਂ ਅਤੇ ਖਾਸ ਤੌਰ ਤੇ ਏਸਾਓ ਨਾਲ ਹੇਰਾਫੇਰੀ ਕਰਦਾ ਹੈ। ਹੋਰ ਟਿੱਪਣੀਕਾਰ ਦੋਵਾਂ ਆਦਮੀਆਂ ਦੇ ਇਨ੍ਹਾਂ ਮੁਲਾਂਕਣਾਂ ਨੂੰ ਉਲਟਾ ਦਿੰਦੇ ਹਨ। ਇਨ੍ਹਾਂ ਦੋਵਾਂ ਵਿਰੋਧੀ ਵਿਚਾਰਾਂ ਵਿਚ ਕਿਤੇ ਨਾ ਕਿਤੇ ਸੱਚਾਈ ਮੌਜੂਦ ਹੈ। ਦੋਵੇਂ ਮਨੁੱਖ ਨਿਰੰਤਰ ਕੁਝ ਗਲਤੀਆਂ ਦਾ ਪ੍ਰਦਰਸ਼ਣ ਕਰਦੇ ਹਨ, ਪਰ ਪਰਮੇਸ਼ੁਰ ਆਪਣੀ ਮਨਸ਼ਾ ਦੇ ਵਿਕਲਪਾਂ ਦੇ ਅਨੁਸਾਰ ਗੁਪਤ ਤਰੀਕੇ ਦੇ ਨਾਲ ਯਾਕੂਬ ਅਤੇ ਉਸ ਦੀ ਸੰਤਾਨ ਨੂੰ ਚੁਣਨ ਦੇ ਯੋਗ ਸੀ (ਰੋਮੀਆਂ 8:28) ਤਾਂ ਕਿ ਉਹ ਪੂਰੇ ਸੰਸਾਰ ਦੇ ਲਈ ਬਰਕਤ ਦਾ ਕਾਰਣ ਹੋਣ (28:13, 14)।

*ਪਰਮੇਸ਼ੁਰ ਉਨ੍ਹਾਂ ਲੋਕਾਂ ਦੇ ਨਾਲ ਵਿਸ਼ਵਾਸੀ ਲੋਕਾਂ ਦਾ ਮੇਲ-ਮਿਲਾਪ ਕਰਵਾਉਣ ਦੇ ਯੋਗ ਹੈ ਜਿਨ੍ਹਾਂ ਵਿਚ ਵਿਸ਼ਵਾਸ ਦੀ ਕਮੀ ਹੁੰਦੀ ਹੈ।* ਅਧਿਆਇ 33 ਉਸ ਤਰੀਕੇ ਨਾਲ ਸੰਬੰਧਤ ਹੈ ਜਿਸ ਦੇ ਨਾਲ ਯਾਕੂਬ ਨੇ ਆਪਣੇ ਭਰਾ ਯਾਕੂਬ ਨੂੰ ਕਬੂਲ ਪ੍ਰਾਪਤ ਕੀਤਾ ਸੀ, ਬਾਅਦ ਵਿਚ

ਇਬਰਾਨੀਆਂ ਦਾ ਲੇਖਕ ਜਿਸ ਦਾ ਵਰਣਨ ਇੱਕ “ਹਰਾਮਕਾਰ” ਅਤੇ “ਕੁਧਰਮੀ” ਮਨੁੱਖ ਦੇ ਰੂਪ ਵਿਚ ਕਰਦਾ ਹੈ (ਇਬਰਾਨੀਆਂ 12:16)। ਯਾਕੂਬ ਆਪ ਵੀ ਇੱਕ ਧਰਮੀ ਵਿਅਕਤੀ ਨਹੀਂ ਸੀ; ਉਹ ਇੱਕ ਝੂਠਾ ਸੀ। ਉਸ ਨੇ ਏਸਾਓ ਅਤੇ ਉਸ ਦੇ ਪਿਤਾ ਦੇ ਨਾਲ ਬੁਰਾ ਸਲੂਕ ਕੀਤਾ ਅਤੇ ਉਨ੍ਹਾਂ ਨੂੰ ਧੋਖਾ ਦਿੱਤਾ (25:22-34; 27:1-41), ਅਤੇ ਵੀਹਾਂ ਸਾਲਾਂ ਤੱਕ ਵੱਡਾ ਭਰਾ ਛੋਟੇ ਭਰਾ ਨਾਲ ਨਫ਼ਰਤ ਕਰਦਾ ਰਿਹਾ ਅਤੇ ਉਸ ਨੂੰ ਮਾਰ ਦੇਣਾ ਚਾਹੁੰਦਾ ਸੀ। ਇਸ ਲਈ, ਜਦੋਂ ਏਸਾਓ ਨੇ ਸੁਣਿਆ ਕਿ ਯਾਕੂਬ ਇੱਕ ਵੱਡੇ ਭੇਡਾਂ-ਬੱਕਰੀਆਂ ਦੇ ਝੁੰਡਾਂ, ਵੱਗਾਂ, ਅਤੇ ਬਹੁਤ ਸਾਰੇ ਨੌਕਰਾਂ ਦੇ ਨਾਲ ਵਾਪਸ ਆ ਰਿਹਾ ਸੀ, ਤਾਂ ਸੁਭਾਵਿਕ ਤੌਰ ਤੇ ਉਸ ਨੇ ਇਹ ਸਿੱਟਾ ਕੱਢਿਆ ਕਿ ਨੌਕਰ ਵੀ ਯੋਧੇ ਹੋਣਗੇ (ਵੇਖੋ 14:14, 15) ਅਤੇ ਇੱਕ ਯੁੱਧ ਹੋਵੇਗਾ। ਤਾਂ ਉਸ ਨੇ ਆਪਣੇ ਚਾਰ ਸੌ (33:1) ਸ਼ਿਕਾਰੀ ਯੋਧਿਆਂ ਨੂੰ ਲਿਆਉਣ ਦੇ ਫ਼ੈਸਲਾ ਕੀਤਾ, ਸਪੱਸ਼ਟ ਹੈ ਕਿ ਉਸ ਦੀ ਯੋਜਨਾ ਆਪਣੇ ਭਰਾ ਨੂੰ ਮਾਰ ਕੇ ਉਸ ਦੀ ਸਾਰੀ ਧਨ-ਦੌਲਤ ਲੈ ਲੈਣ ਦੀ ਸੀ।

ਸੱਚਮੁੱਚ, ਯਾਕੂਬ ਲੜਾਈ ਨਹੀਂ ਚਾਹੁੰਦਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਏਸਾਓ ਚਾਰ ਸੌ ਆਦਮੀਆਂ ਦੇ ਨਾਲ ਆ ਰਿਹਾ ਸੀ, ਤਾਂ ਉਸ ਨੇ ਆਪਣੇ ਆਪ ਦੇ ਲਈ ਉਨ੍ਹਾਂ ਦੇ ਮਹੱਤਵ ਦੇ ਹਿਸਾਬ ਦੇ ਨਾਲ ਆਪਣੇ ਬੱਚਿਆਂ ਅਤੇ ਪਤਨੀਆਂ ਨੂੰ ਵੰਡ ਦਿੱਤਾ। ਉਸ ਨੇ ਦੋ ਉਪ ਪਤਨੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਾਹਮਣੇ ਰੱਖਿਆ, ਜਦਕਿ ਲੇਆਹ ਅਤੇ ਉਸ ਦੇ ਬੱਚਿਆਂ ਨੂੰ ਦੂਸਰੀ ਲਾਇਨ ਦੇ ਵਿਚ ਰੱਖਿਆ ਸੀ। ਉਸ ਨੇ ਆਪਣੀ ਪਿਆਰੀ ਰਾਖੇਲ ਅਤੇ ਯੂਸੁਫ਼ ਨੂੰ ਸਭ ਤੋਂ ਪਿੱਛੇ ਰੱਖਿਆ ਤਾਂ ਕਿ ਉਨ੍ਹਾਂ ਨੂੰ ਹੋਰਨਾਂ ਪਰਿਵਾਰ ਦੇ ਮੈਂਬਰਾਂ ਤੋਂ ਵੱਧ ਕੇ ਬਚਣ ਦੇ ਮੌਕੇ ਮਿਲ ਸਕਣ। ਬੇਸ਼ੱਕ, ਇਸ ਦੇ ਨਾਲ ਪਰਿਵਾਰ ਦੇ ਬਹੁਮਤ ਨੂੰ ਗਹਿਰੀ ਸੱਟ ਵੱਜੀ ਹੋਵੇਗੀ, ਜਦੋਂ ਉਨ੍ਹਾਂ ਨੇ ਵੇਖਿਆ ਹੋਵੇਗਾ ਕਿ ਯਾਕੂਬ ਨੇ ਕਿਸ ਨੂੰ ਸਭ ਤੋਂ ਤੁੱਛ ਸਮਝਿਆ। ਜਿਸ ਤਰੀਕੇ ਦੇ ਨਾਲ ਯਾਕੂਬ ਨੇ ਯੂਸੁਫ਼ ਦੀ ਸੁਰੱਖਿਆ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਸੀ ਸ਼ਾਇਦ ਉਸ ਨੇ ਹੀ ਭਰਾਵਾਂ ਦੁਆਰਾ ਉਸ ਨੂੰ ਲੰਬੇ ਸਮੇਂ ਤੱਕ ਈਰਖਾ ਅਤੇ ਨਫ਼ਰਤ ਕੀਤੇ ਜਾਣ ਵਿਚ ਯੋਗਦਾਨ ਪਾਇਆ ਹੋਵੇਗਾ, ਜਿਸ ਦੇ ਕਾਰਣ ਆਖਿਰਕਾਰ ਉਨ੍ਹਾਂ ਨੇ ਯੂਸੁਫ਼ ਨੂੰ ਗੁਲਾਮ ਦੇ ਰੂਪ ਵਿਚ ਵੇਚ ਦਿੱਤਾ ਸੀ (37:1-36)।

ਜਦੋਂ ਏਸਾਓ ਆਪਣੇ ਸ਼ਿਕਾਰੀ ਯੋਧਿਆਂ ਦੇ ਨਾਲ ਅੱਗੇ ਵਧਿਆ, ਤਾਂ ਉਸ ਨੇ ਯਾਕੂਬ ਅਤੇ ਉਸ ਦੇ ਪਰਿਵਾਰ ਦੇ ਰਖਵਾਲਿਆਂ ਦੇ ਨਾਲ ਟਾਕਰੇ ਦੀ ਆਸ ਕੀਤੀ। ਬੇਸ਼ੱਕ ਉਸ ਨੇ ਇਹ ਸੋਚ ਲਿਆ ਸੀ ਕਿ ਉਸ ਦੇ ਭਰਾ ਦੇ ਪਾਲੀ ਯੋਧੇ ਯੁੱਧ ਦੇ ਲਈ ਤਿਆਰ ਹੋਣਗੇ। ਉਸ ਨੂੰ ਹੈਰਾਨ ਕਰਨ ਦੇ ਲਈ, ਯਾਕੂਬ ਪਹਿਲਾਂ ਆਇਆ। ਉਹ ਬਿਨਾਂ ਕਿਸੇ ਹਥਿਆਰ ਜਾਂ ਅੰਗ-ਰੱਖਿਅਕ ਤੋਂ ਆਇਆ, ਅਤੇ ਏਸਾਓ ਦੇ ਸਾਹਮਣੇ ਸੱਤ ਵਾਰ ਧਰਤੀ ਤੀਕ ਝੁਕਿਆ। ਆਪਣੇ ਛੋਟੇ ਭਰਾ ਦੇ ਰਾਹੀਂ ਇਸ ਪ੍ਰਕਾਰ ਦਾ ਆਦਰ ਏਸਾਓ ਦੇ ਲਈ ਇੱਕ ਅਜਿਹਾ ਅਚੰਭਾ ਸੀ ਜਿਸ ਦੀ ਉਸ ਨੇ ਆਸ ਵੀ ਨਹੀਂ ਕੀਤੀ ਸੀ। ਇਨ੍ਹਾਂ ਕੰਮਾਂ ਦੇ ਆਧਾਰ ਤੇ, ਉਸ ਨੇ ਵਿਸ਼ਵਾਸ ਕੀਤਾ ਕਿ ਯਾਕੂਬ ਇੱਕ ਬਦਲਿਆ ਹੋਇਆ ਆਦਮੀ ਸੀ ਅਤੇ ਹੁਣ ਉਹ ਉਸ ਕਿਸਮ ਦਾ ਵਿਅਕਤੀ ਨਹੀਂ ਸੀ ਜਿਸ ਦੇ ਨਾਲ ਉਸ ਨੇ ਕਈ ਸਾਲਾਂ ਤੋਂ ਨਫ਼ਰਤ ਕਰਦਾ ਸੀ। ਯਾਕੂਬ ਨੂੰ ਮਿਲਣ ਦੇ ਲਈ ਏਸਾਓ ਅੱਗੇ ਨੂੰ ਦੌੜਿਆ। ਉਹ ਬਹੁਤ ਗਰਮ ਜੋਸ਼ੀ ਨਾਲ ਜੱਫੀ ਪਾ ਕੇ ਉਸ ਨੂੰ ਮਿਲਿਆ, ਉਸ ਦੇ ਗਲ ਵਿਚ ਬਾਹਾਂ ਪਾਕੇ ਉਸ ਨੂੰ ਚੁੰਮਿਆ। ਬਹੁਤ ਸਾਲਾਂ ਦੇ ਗੁੱਸੇ, ਦੁਸ਼ਮਣੀ, ਅਤੇ ਘਬਰਾਹਟ ਤੋਂ ਬਾਅਦ, ਉਹ ਦੋਵੇਂ ਮੇਲ-ਮਿਲਾਪ ਦੇ ਅੰਝੂਆਂ ਦੇ ਨਾਲ ਰੋਏ।

ਪਰਮੇਸ਼ੁਰ ਨੇ ਸਪੱਸ਼ਟ ਤੌਰ ਤੇ ਕਈ ਸਾਲਾਂ ਤੋਂ ਦੋਵਾਂ ਮਨੁੱਖਾਂ ਦੇ ਜੀਵਨਾਂ ਵਿਚ ਕੰਮ ਕੀਤਾ

ਸੀ ਅਤੇ ਉਨ੍ਹਾਂ ਨੂੰ ਮਹੱਤਵਪੂਰਣ ਸਬਕ ਸਿਖਾਏ ਸਨ। ਯਾਕੂਬ ਹੁਣ ਸਮਝ ਗਿਆ ਸੀ ਕਿ ਖ਼ੁਸ਼ੀ ਅਤੇ ਕਲਿਆਣ ਝੂਠ, ਛਲ, ਅਤੇ ਧੋਖੇਬਾਜ਼ੀ ਦੇ ਨਾਲ ਨਹੀਂ ਆਉਂਦੇ ਹਨ। ਇਸ ਤਰ੍ਹਾਂ ਦੇ ਵਿਹਾਰ ਸਿਰਫ ਲੋਕਾਂ ਦੇ ਵਿਚਕਾਰ ਦੁੱਖ ਨਰਾਜ਼ਗੀ, ਅਤੇ ਨਫ਼ਰਤ ਦੇ ਬੀਜਾਂ ਨੂੰ ਹੀ ਬੀਜਦੇ ਹਨ, ਇੱਥੋਂ ਤੱਕ ਕਿ ਇੱਕ ਪਰਿਵਾਰ ਦੇ ਵਿਚ ਵੀ। ਯਾਕੂਬ ਨੇ ਜ਼ਰੂਰ ਆਪਣੇ ਆਪ ਵਿਚ ਲਾਬਾਨ ਨੂੰ ਵੇਖਿਆ ਹੋਵੇਗਾ ਅਤੇ ਇਸਹਾਕ ਅਤੇ ਏਸਾਓ ਦੇ ਵਿਰੁੱਧ ਕੀਤੇ ਉਸੇ ਪ੍ਰਕਾਰ ਦੇ ਆਪਣੇ ਪਾਪ ਦੇ ਪ੍ਰਤਿ ਖੇਦ ਪਰਗਟ ਕੀਤਾ ਹੋਵੇਗਾ ਜੋ ਉਸ ਦੇ ਸਹੁਰੇ ਨੇ ਉਸ ਦੇ ਨਾਲ ਕੀਤਾ ਸੀ। ਲਾਬਾਨ ਦੇ ਦੁੱਖ ਦੇਣ ਵਾਲੇ ਕੰਮਾਂ ਨੇ ਉਸ ਦੇ ਜਵਾਈ ਨੂੰ ਉਸ ਤੋਂ ਦੂਰ ਕਰ ਦਿੱਤਾ ਅਤੇ ਉਸ ਦੀਆਂ ਧੀਆਂ ਨੂੰ ਉਸ ਦੇ ਵਿਰੁੱਧ ਕਰ ਦਿੱਤਾ ਸੀ। ਉਹ ਇੱਕ ਕੌੜਾ, ਲੋਭੀ ਆਦਮੀ ਹਾਲ ਹੀ ਵਿਚ ਹਾਰਾਨ ਵਿਚ ਮੁੜ ਆਇਆ ਸੀ। ਉਸ ਦੀ ਧੋਖੇਬਾਜ਼ੀ ਨੇ ਉਸ ਦੇ ਭਾਗ ਤੇ ਬਹੁਤ ਅਸਰ ਪਾਇਆ ਸੀ ਅਤੇ ਉਸ ਦੇ ਪਰਿਵਾਰ ਵਿਚ ਸਥਾਈ ਵੰਡ ਪਾ ਦਿੱਤੀ ਸੀ।

ਯਾਕੂਬ ਜਾਣਦਾ ਸੀ ਕਿ ਲਾਬਾਨ ਦੇ ਪਤਨ ਵਿਚ ਪਰਮੇਸ਼ੁਰ ਦਾ ਹੱਥ ਸੀ, ਜੋ ਉਸ ਦੀਆਂ ਉਨ੍ਹਾਂ ਯੋਜਨਾਵਾਂ ਨੂੰ ਪਛਾੜ ਦਿੰਦਾ ਸੀ ਜਿਨ੍ਹਾਂ ਦੇ ਦੁਆਰਾ ਉਹ ਆਪਣੇ ਜਵਾਈ ਦੀਆਂ ਭੇਡਾਂ-ਬੱਕਰੀਆਂ ਨੂੰ ਛੋਟਾ ਅਤੇ ਕਮਜ਼ੋਰ ਰੱਖਣਾ ਚਾਹੁੰਦਾ ਸੀ ਤਾਂ ਕਿ ਉਹ ਕਨਾਨ ਨੂੰ ਵਾਪਸ ਜਾਣ ਦੇ ਯੋਗ ਨਾ ਹੋ ਸਕੇ। ਲਾਬਾਨ ਦੀਆਂ ਭੇਡਾਂ-ਬੱਕਰੀਆਂ ਦੇ ਆਕਾਰ ਨੂੰ ਘੱਟ ਕਰਦੇ ਹੋਏ, ਪਰਮੇਸ਼ੁਰ ਨੇ ਯਾਕੂਬ ਦੇ ਜਾਨਵਰਾਂ ਨੂੰ ਬਰਕਤ ਦਿੱਤੀ ਅਤੇ ਵਧਾਇਆ, ਉਸ ਨੂੰ ਬਹੁਤ ਧਨੀ ਬਣਾਇਆ ਕਿ ਉਹ ਵਾਇਦਾ ਕੀਤੇ ਦੇਸ ਵਿਚ ਜਾ ਸਕੇ ਅਤੇ ਆਪਣੇ ਪਰਿਵਾਰ ਦਾ ਪ੍ਰਬੰਧ ਕਰ ਸਕੇ (31:3-13)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਯੱਬੋਕ ਨਦੀ ਤੇ ਯਾਕੂਬ ਦੇ ਦਿਲ ਤੇ ਰਾਜ ਕੀਤਾ ਸੀ। ਇਸ ਗੱਲ ਨੂੰ ਜਾਣਦੇ ਹੋਏ ਕਿ ਏਸਾਓ ਚਾਰ ਸੌ ਲੋਕਾਂ ਦੇ ਨਾਲ ਉਸ ਨੂੰ ਉਸ ਦੇ ਧੋਖਾ ਦੇਣ ਅਤੇ ਕਪਟ ਦੇ ਪਾਪ ਦੇ ਕਾਰਣ ਸਜ਼ਾ ਦੇਣ ਲਈ ਆ ਰਿਹਾ ਸੀ, ਇਸ ਲਈ ਉਹ ਬਰਕਤ ਲੈਣ ਦੇ ਲਈ ਬੇਤਾਬ ਸੀ ਕਿਉਂਕਿ ਉਹ ਪਰਮੇਸ਼ੁਰ ਦੇ ਸਵਰਗਦੂਤ ਦੇ ਨਾਲ ਘੋਲ ਕਰ ਰਿਹਾ ਸੀ (32:24-31)। ਏਸਾਓ ਦੇ ਨਾਲ ਸੁਲਾਹ ਸਲਾਮਤੀ ਕਰਨ ਦੇ ਲਈ ਉਸ ਨੂੰ ਮਨ ਪਰਿਵਰਤਨ ਦੀ ਲੋੜ ਸੀ। ਉਹ ਸਿਰਫ ਉਸ ਵਿਹਾਰ ਦੇ ਲਈ ਜਿਸ ਦੇ ਨਾਲ ਉਸ ਨੇ ਉਸ ਦਾ ਜੇਠੇ ਹੋਣ ਦਾ ਅਧਿਕਾਰ ਅਤੇ ਉਸ ਦੀ ਬਰਕਤ ਨੂੰ ਚੋਰੀ ਕਰ ਕੇ ਉਸ ਨੂੰ ਦੁੱਖ ਪਹੁੰਚਾਇਆ ਸੀ ਉਸ ਦੇ ਪ੍ਰਤਿ ਦੀਨਤਾ ਅਤੇ ਦੁੱਖ ਨੂੰ ਪਰਗਟ ਕਰਕੇ ਹੀ ਇਸ ਨੂੰ ਸਹੀ ਕਰ ਸਕਦਾ ਸੀ।

ਕੁਝ ਟਿੱਪਣੀਕਾਰ ਅਜੇ ਤੱਕ ਵੀ ਇੱਥੇ ਪੁਰਾਣੇ ਯਾਕੂਬ ਨੂੰ ਵੇਖਦੇ ਹਨ; ਉਹ ਇੱਕ ਵਾਰ ਫਿਰ ਏਸਾਓ ਨੂੰ ਧੋਖਾ ਦੇਣ ਦੇ ਲਈ ਉਸ ਦੇ ਕੰਮਾਂ ਦੀ ਵਿਆਖਿਆ ਕਰਦੇ ਹਨ, ਤਾਂ ਕਿ ਉਸ ਦਾ ਭਰਾ ਉਸ ਦੀ ਜਾਨ ਨੂੰ ਬਖਸ਼ ਦੇਵੇ। ਪਰਮੇਸ਼ੁਰ ਦੇ ਵਚਨ ਨੂੰ ਸਿੱਖਣ ਵਾਲਿਆਂ ਨੂੰ ਯਾਕੂਬ ਦੇ ਉਦੇਸ਼ਾਂ ਦਾ ਨਿਆਂ ਕਰਨ ਦੇ ਵਿਸ਼ੇ ਵਿਚ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ ਸਿਰਫ ਪਰਮੇਸ਼ੁਰ ਹੀ ਜਾਣਦਾ ਹੈ ਕਿ ਇੱਕ ਵਿਅਕਤੀ ਦੇ ਦਿਲ ਵਿਚ ਕੀ ਹੈ। ਅਸਲ ਵਿਚ, ਹੋ ਸਕਦਾ ਹੈ ਕਿ ਪੁਰਖੇ ਦੇ ਕੋਲ ਆਪਣੇ ਭਰਾ ਦੇ ਪ੍ਰਤਿ ਚੰਗਾ ਰਵੱਈਆ ਜਾਂ ਨਿੱਘਾ ਪ੍ਰੇਮ ਨਾ ਹੋਵੇ। ਕੀ ਪਰਮੇਸ਼ੁਰ ਨੂੰ ਆਪਣੇ ਲੋਕਾਂ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ ਜਦ ਤੱਕ ਉਹ ਉਨ੍ਹਾਂ ਲੋਕਾਂ ਦੇ ਪ੍ਰਤਿ ਸਹੀ ਨਾ ਹੋ ਜਾਣ ਜਿਨ੍ਹਾਂ ਨੂੰ ਉਹ ਠੇਸ ਪਹੁੰਚਾਉਂਦੇ ਹਨ? ਜੇਕਰ ਪ੍ਰਭੂ ਆਪਣੇ ਲੋਕਾਂ ਤੋਂ ਅਜਿਹੀ ਮੰਗ ਕਰਨ, ਤਾਂ ਬਹੁਤ ਹੀ ਥੋੜੇ ਲੋਕ ਹੋਣਗੇ ਜੋ ਆਪਣੇ ਸੰਬੰਧਾਂ ਨੂੰ ਠੀਕ ਕਰ ਸਕਣਗੇ ਜੋ ਉਨ੍ਹਾਂ ਨੇ ਆਪਣੇ ਸੁਆਰਥੀਪਣ ਦੇ ਨਾਲ ਤੋੜੇ-ਮਰੋੜੇ ਹਨ। ਯਾਕੂਬ ਨੇ ਏਸਾਓ ਨੂੰ 550 ਜਾਨਵਰਾਂ ਦਾ ਇੱਕ ਉਦਾਰ ਤੋਹਫ਼ਾ ਦਿੱਤਾ ਸੀ। ਇਸ ਤੋਂ ਇਲਾਵਾ, ਇੱਕ ਛੋਟੇ ਭਰਾ ਦੇ ਦੁਆਰਾ

ਆਪਣੇ ਵੱਡੇ ਭਰਾ ਦੇ ਸਾਹਮਣੇ ਸੱਤ ਵਾਰ ਝੁੱਕਣਾ ਅਤੇ ਉਸ ਨੂੰ "ਸਵਾਮੀ" ਕਹਿਣਾ ਇੱਕ ਬਹੁਤ ਹੀ ਨਿਮਰਤਾਪੂਰਣ ਵਿਹਾਰ ਸੀ; ਪਰ ਉਨ੍ਹਾਂ ਦੇ ਸੰਬੰਧ ਨੂੰ ਸਹੀ ਕਰਨ ਦੇ ਲਈ ਇਹ ਜ਼ਰੂਰੀ ਸੀ। ਇਹੋ ਕਾਰਣ ਹੈ ਕਿ ਪਰਮੇਸ਼ੁਰ ਨੇ ਭਾਵਨਾਵਾਂ ਦੀ ਬਜਾਇ ਕੰਮਾਂ ਨੂੰ ਕਰਨ ਦਾ ਹੁਕਮ ਦਿੰਦਾ ਹੈ। ਜੋ ਇਹ ਕਹਿ ਕੇ ਚੰਗਾ ਮਹਿਸੂਸ ਕਰਨਾ ਕਰਨ ਦੀ ਉਡੀਕ ਕਰਦਾ ਹੈ, "ਮੈਨੂੰ ਮਾਫ਼ ਕਰ ਦਿਓ," ਹੋ ਸਕਦਾ ਹੈ ਉਹ ਕਦੀ ਇਹ ਕਰੇ ਹੀ ਨਾ। ਘਮੰਡ ਹਮੇਸ਼ਾ ਰਾਹ ਵਿਚ ਖੜਾ ਰਹੇਗਾ।

ਸਮੇਂ ਦੀ ਪ੍ਰਕਿਰਿਆ ਵਿਚ, ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਲੋਕ ਉਸ ਦੀ ਪਵਿੱਤਰਤਾ ਅਤੇ ਧਾਰਮਿਕਤਾ ਦੇ ਰੂਪ ਵਿਚ ਬਦਲ ਜਾਣ। ਉਹ ਚਾਹੁੰਦਾ ਹੈ ਕਿ ਜਿਵੇਂ ਉਹ ਕਰਦਾ ਹੈ, ਤਿਵੇਂ ਉਸ ਦੇ ਦਾਸ ਸਾਰੇ ਲੋਕਾਂ ਦੇ ਨਾਲ ਪ੍ਰੇਮ ਦੇ ਨਾਲ ਪੇਸ਼ ਆਉਣ (ਯੂਹੰਨਾ 3:16; 2 ਕੁਰਿੰਥੀਆਂ 3:17, 18; 1 ਯੂਹੰਨਾ 4:7-11)। ਪੂਰੀ ਪਵਿੱਤਰ ਬਾਈਬਲ ਵਿਚ, ਪ੍ਰੇਮ ਨੂੰ ਇੱਕ ਕਿਰਿਆ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਜਿਸ ਨੂੰ ਪਰਮੇਸ਼ੁਰ ਦੇ ਲੋਕ ਆਪਣੇ ਗੁਆਂਢੀਆਂ, ਅਜਨਬੀਆਂ (ਨਿਵਾਸੀ ਪਰਦੇਸੀਆਂ), ਅਤੇ ਦੁਸ਼ਮਣਾਂ ਦੇ ਨਾਲ ਕਰਨਾ ਹੈ - ਭਾਵੇਂ ਉਹ ਉਨ੍ਹਾਂ ਲੋਕਾਂ ਦੇ ਵਿਸ਼ੇ ਵਿਚ ਕੁਝ ਵੀ ਮਹਿਸੂਸ ਕਿਉਂ ਨਾ ਕਰਦੇ ਹੋਣ। ਇਸਰਾਈਲੀਆਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਆਪਣੇ ਕੁਝ ਝੁਕਾਵਾਂ ਦੇ ਬਾਵਜੂਦ ਕੁਝ ਕੰਮ ਕਰਨ ਤੋਂ ਪਰਹੇਜ਼ ਕਰਨ। ਪਵਿੱਤਰਤਾ ਦੇ ਨਿਯਮ ਨੇ ਇਸ ਗੱਲ ਨੂੰ ਜ਼ਰੂਰੀ ਠਹਿਰਾਇਆ ਹੈ ਕਿ ਉਹ ਨਾ ਆਪਣੇ ਗੁਆਂਢੀ ਨਾਲ "ਛੱਲ ਖੇਡੀਂ, ਨਾ ਤੂੰ ਉਸ ਤੋਂ ਕੁਝ ਖੋਹਵੀ" (ਲੇਵੀਆਂ 19:13), ਅਤੇ ਉਨ੍ਹਾਂ ਨੂੰ "ਡੋਰੇ ਨੂੰ ਗਾਲਾਂ ਕੱਢਣ" ਜਾਂ "ਅੰਨ੍ਹੇ ਨੂੰ ਠੋਕਰ ਖਿਲਾਉਣ" ਤੋਂ ਮਨਾ ਕੀਤਾ ਗਿਆ ਸੀ (ਲੇਵੀਆਂ 19:14)। ਉਨ੍ਹਾਂ ਨੂੰ "ਨਿਆਉਂ ਵਿੱਚ ਕੋਈ ਅਨਿਆਉਂ ਨਾ ਕਰਨ," "ਨਾ ਕੰਗਾਲ ਦੀ ਰਈ ਕਰਨ," "ਨਾ ਸਮੱਰਥੀ ਦਾ ਲਿਹਾਜ ਕਰਨ" ਲਈ ਕਿਹਾ ਗਿਆ ਹੈ (ਲੇਵੀਆਂ 19:15)। ਇਸ ਤੋਂ ਇਲਾਵਾ, ਉਨ੍ਹਾਂ ਨੂੰ "ਘੁਸਮੁਸੀਆ ਬਣਕੇ ਭਾਉਂਦਾ ਫਿਰਨ," ਜਾਂ "ਆਪਣੇ ਗੁਆਂਢੀ ਦੇ ਖ਼ੂਨ ਵਿੱਚ ਲੱਕ ਬੰਨ੍ਹਣ" ਤੋਂ ਮਨ੍ਹਾ ਕੀਤਾ ਗਿਆ ਸੀ (ਲੇਵੀਆਂ 19:16)। ਉਨ੍ਹਾਂ ਨੇ ਕਦੀ ਵੀ ਦੂਜਿਆਂ ਤੋਂ "ਬਦਲਾ ਨਹੀਂ ਲੈਣਾ ਸੀ, ਨਾ ਵੈਰ ਰੱਖਣਾ ਸੀ।" ਇਨ੍ਹਾਂ ਨਿਯਮਾਂ ਦੀ ਲੇਵੀਆਂ 19:18 ਵਿਚ ਪੁਸ਼ਟੀ ਕੀਤੀ ਗਈ ਹੈ: "ਤੂੰ ਆਪਣੇ ਗੁਆਂਢੀ ਨਾਲ ਆਪਣੇ ਜੇਹਾ ਪਿਆਰ ਕਰੀਂ। ਮੈਂ ਯਹੋਵਾਹ ਹਾਂ।" ਵਚਨ ਦੇ ਉਸ ਭਾਗ ਦੇ ਅੰਤ ਵਿਚ, ਪਰਮੇਸ਼ੁਰ ਨੇ ਇੱਕ ਵਾਇਦਾ ਕੀਤੇ ਦੇਸ ਵਿਚ ਨਿਵਾਸੀ ਪਰਦੇਸੀ (גֵּר, *ਜਰ,* ਇੱਕ ਗੈਰ ਕੌਮ ਜਾਂ "ਅਜਨਬੀ") ਦੇ ਨਾਲ ਵਿਹਾਰ ਬਾਰੇ ਖਾਸ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਸੀ ਕਿ "ਉਸ ਨੂੰ ਦੁਖ ਨਾ ਦੇਣਾ"; ਇਸ ਦੇ ਉਲਟ, ਪਰਮੇਸ਼ੁਰ ਨੇ ਉਸ ਦੇ ਨਾਲ "ਆਪਣੇ ਜਿਹਾ ਪਿਆਰ ਕਰਨ" (ਇੱਕ ਸਾਥੀ ਇਸਰਾਈਲੀ) ਦੇ ਲਈ ਕਿਹਾ ਗਿਆ ਸੀ (ਲੇਵੀਆਂ 19:33, 34)।

ਨਵੇਂ ਨੇਮ ਵਿਚ, ਪੌਲੁਸ ਨੇ ਰੋਮ ਵਿਚਲੇ ਮਸੀਹੀਆਂ ਨੂੰ ਬੇਨਤੀ ਕੀਤੀ ਕਿ ਉਹ ਸੰਸਾਰ ਦੀ ਜੀਵਨ ਸ਼ੈਲੀ ਦੇ ਸਮਾਨ ਨਾ ਬਣਨ; ਸਗੋਂ, ਆਪਣੇ ਮਨਾਂ ਦੇ ਨਵੇਂ ਹੋ ਜਾਣ ਦੇ ਨਾਲ ਬਦਲ ਜਾਣ। ਉਨ੍ਹਾਂ ਨੂੰ ਚੰਗੀਆਂ ਭਾਵਨਾਵਾਂ ਦੀ ਬਜਾਇ ਪਰਮੇਸ਼ੁਰ ਦੇ ਹੁਕਮ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਸੀ (ਰੋਮੀਆਂ 12:2)। ਉਸ ਨੇ ਉਨ੍ਹਾਂ ਨੂੰ ਭਰੱਪਣ ਦੇ ਪ੍ਰੇਮ ਵਿਚ ਇੱਕ ਦੂਜੇ ਨਾਲ ਗੂੜ੍ਹਾ ਪ੍ਰੇਮ ਕਰਨ ਲਈ ਕਿਹਾ ਗਿਆ ਹੈ (ਰੋਮੀਆਂ 12:10) ਅਤੇ "ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ" (ਰੋਮੀਆਂ 12:17)। ਜੇ ਹੋ ਸਕੇ, ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ (ਰੋਮੀਆਂ 12:18), ਅਤੇ ਇਸ ਵਿਚ ਆਪਣੇ ਦੁਸ਼ਮਣਾਂ ਨੂੰ ਖਿਲਾਉਣ ਅਤੇ ਉਨ੍ਹਾਂ ਨੂੰ ਪ੍ਰਦਾਨ ਕਰਨਾ ਵੀ ਸ਼ਾਮਲ ਹੈ (ਰੋਮੀਆਂ 12:20, 21)। ਯਿਸੂ ਮਸੀਹ ਨੇ "ਪਹਾੜੀ

ਉਪਦੇਸ਼" (ਮੱਤੀ 5:43-48) ਅਤੇ "ਮੈਦਾਨ ਦੇ ਉਪਦੇਸ਼" (ਲੂਕਾ 6:27-36) ਵਿਚ ਇਨ੍ਹਾਂ ਸਿਧਾਂਤਾਂ ਦੀ ਸਿੱਖਿਆ ਦਿੱਤੀ। ਪਵਿੱਤਰ ਬਾਈਬਲ ਪਰਮੇਸ਼ੁਰ ਦੇ ਲੋਕਾਂ ਤੋਂ ਉਹ ਕਰਨ ਦੇ ਲਈ ਜੋ ਸਹੀ ਹੈ ਅਮਿਸ਼ਰਤ ਉਦੇਸ਼ਾਂ ਜਾਂ ਚੰਗੀਆਂ ਭਾਵਨਾਵਾਂ ਦੀ ਮੰਗ ਨਹੀਂ ਕਰਦੀ ਹੈ। ਪ੍ਰਭੂ ਨੇ ਆਪਣੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਚੰਗੇ ਰਵੱਈਏ ਦੇ ਅਨੁਸਾਰ ਕੰਮ ਕਰਨ।

ਪਰਮੇਸ਼ੁਰ ਨੇ ਏਸਾਓ ਦੇ ਮਨ ਵਿਚ ਵੀ ਕੰਮ ਕੀਤਾ ਅਤੇ ਉਸ ਦੇ ਮਨ ਵਿਚੋਂ ਬਦਲਾ ਲੈਣ ਦੀ ਬੁਰੀ ਇੱਛਾ ਨੂੰ ਦੂਰ ਕਰ ਦਿੱਤਾ। ਜਦੋਂ ਉਸ ਨੇ ਯਾਕੂਬ ਨੂੰ ਸਮਰਪਣ ਦੇ ਨਾਲ, ਸੱਤ ਵਾਰ ਉਸ ਦੇ ਸਾਹਮਣੇ ਝੁਕਦੇ ਹੋਏ, ਆਉਂਦਾ ਵੇਖਿਆ, ਤਾਂ ਉਹ ਸਮਝ ਗਿਆ ਕਿ ਉਸ ਦਾ ਭਰਾ ਉਸ ਪ੍ਰਭੁਤੱਵ ਨੂੰ ਤਿਆਗ ਰਿਹਾ ਸੀ ਜੋ ਉਸ ਨੇ ਜੇਠੇ ਹੋਣ ਦੀ ਬਰਕਤ ਨੂੰ ਚੋਰੀ ਕਰਕੇ ਲੈ ਲਿਆ ਸੀ (27:29)। ਇਸ ਤੋਂ ਪਹਿਲਾਂ ਕਿ ਏਸਾਓ ਯਾਕੂਬ ਦੇ ਡੇਰੇ ਵਿਚ ਪਹੁੰਚਦਾ ਯਾਕੂਬ ਨੇ ਆਪਣੇ ਦਾਸਾਂ ਦੁਆਰਾ ਭੇਜੇ ਗਏ ਸੰਦੇਸ਼ ਦੀ ਪੁਸ਼ਟੀ ਕਰਦੇ ਹੋਏ ਆਪਣੇ ਆਪ ਨੂੰ ਏਸਾਓ ਦੇ ਸਾਹਮਣੇ ਨਿਮਰ ਕੀਤਾ। ਉਨ੍ਹਾਂ ਨੇ ਕਿਹਾ ਕਿ ਯਾਕੂਬ ਏਸਾਓ ਦਾ ਦਾਸ ਸੀ ਅਤੇ ਉਹ ਆਪਣੇ ਸਵਾਮੀ, ਏਸਾਓ ਦੀ ਦਯਾ (ਕਿਰਪਾ) ਦੀ ਨਿਗਾਹ ਹਾਸਲ ਕਰਨ ਦੇ ਲਈ ਜਾਨਵਰਾਂ ਦੇ ਢੇਰ ਭੇਜ ਰਿਹਾ ਸੀ। ਸ਼ਾਇਦ ਯਾਕੂਬ ਨੂੰ ਇਹ ਆਸ ਵੀ ਸੀ ਕਿ ਏਸਾਓ ਜਾਨਵਰਾਂ ਦੀ ਇਸ ਵੱਡੀ ਸੰਖਿਆ ਨੂੰ ਵਿਰਾਸਤ ਦੇ ਉਸ ਅਤਿਰਿਕਤ ਹਿੱਸੇ ਦੇ ਭੁਗਤਾਨ ਦੇ ਰੂਪ ਵਿਚ ਵੇਖੇਗਾ ਜਿਸ ਨੂੰ ਯਾਕੂਬ ਨੇ ਮਸੂਰ ਦੀ ਦਾਲ ਦੇ ਇੱਕ ਕਟੋਰੇ ਦੇ ਬਦਲੇ ਵੇਚਣ ਦੇ ਲਈ ਆਪਣੇ ਭਰਾ ਨੂੰ ਧੋਖਾ ਦਿੱਤਾ ਸੀ (32:13-20)।

ਭਾਵੇਂ ਇਬਰਾਨੀਆਂ ਦਾ ਲੇਖਕ ਏਸਾਓ ਦਾ ਵਰਣਨ ਇੱਕ "ਹਰਾਮਕਾਰ" ਅਤੇ "ਕੁਧਰਮੀ" ਵਿਅਕਤੀ ਦੇ ਰੂਪ ਵਿਚ ਕਰਦਾ ਹੈ (ਇਬਰਾਨੀਆਂ 12:16) ਜੋ ਆਪਣੇ ਭਰਾ ਨਾਲ ਨਫ਼ਰਤ ਕੀਤੀ, ਤਾਂ ਵੀ ਹੁਣ ਵੀ ਉਸ ਦੇ ਅੰਦਰ ਯੋਗਤਾ ਸੀ ਕਿ ਉਹ ਉਸ ਨੂੰ ਮਾਫ਼ ਕਰੇ ਅਤੇ ਉਸ ਦੇ ਉੱਤੇ ਦਯਾ ਵਿਖਾਵੇ। ਯਾਕੂਬ ਦੇ ਕੰਮ ਡਰ ਅਤੇ ਅਪਰਾਧ ਦੇ ਮਿਸ਼ਰਣ ਤੋਂ ਪੈਦਾ ਹੋਏ ਸਨ, ਪਰ ਉਸ ਦੇ ਅੱਥਰੂ ਸੱਚੇ ਸਨ। ਏਸਾਓ ਨੂੰ ਯਕੀਨ ਹੋ ਗਿਆ ਸੀ ਕਿ ਉਸ ਦਾ ਭਰਾ ਉਸ ਸਭ ਤੋਂ ਬਹੁਤ ਦੁਖੀ ਸੀ ਅਤੇ ਉਹ ਦੁਬਾਰਾ ਚੀਜ਼ਾਂ ਨੂੰ ਸਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਯਾਕੂਬ ਨੇ ਏਸਾਓ ਦੇ ਮੁੱਖ ਨੂੰ ਵੇਖਿਆ, ਤਾਂ ਉਸ ਨੂੰ ਉਸ ਦਾ ਚੇਹਰਾ "ਪਰਮੇਸ਼ੁਰ ਦੇ ਮੁੱਖ ਨੂੰ ਵੇਖਣ ਦੇ ਸਮਾਨ ਲੱਗਾ" ਜੋ ਦਯਾ ਅਤੇ ਮਾਫ਼ੀ ਵਾਲਾ ਮੁੱਖ ਸੀ (33:10)। ਇਸ ਦਿਲ ਨੂੰ ਛੂਹ ਜਾਣ ਵਾਲੇ ਦ੍ਰਿਸ਼ ਵਿਚ, ਉਹ ਗਲੇ ਮਿਲੇ, ਰੋਏ, ਅਤੇ ਭਰਾਵਾਂ ਦੇ ਰੂਪ ਵਿਚ ਦੁਬਾਰਾ ਮੇਲ-ਮਿਲਾਪ ਕਰ ਲਿਆ। ਬਹੁਤ ਜ਼ਿਆਦਾ ਬੇਨਤੀ ਕਰਨ ਤੋਂ ਬਾਅਦ, ਏਸਾਓ ਨੇ ਯਾਕੂਬ ਦੇ ਢੇਰ ਸਾਰੇ ਜਾਨਵਰਾਂ ਦੇ ਤੋਹਫ਼ੇ ਨੂੰ ਉਨ੍ਹਾਂ ਦੇ ਮੁੜ ਬਹਾਲ ਹੋਏ ਰਿਸ਼ਤੇ ਦੇ ਟੋਕਨ ਦੇ ਰੂਪ ਵਿਚ ਸਵੀਕਾਰ ਕੀਤਾ (32:13-15; 33:11)। ਸਭ ਜੋ ਬਾਕੀ ਸੀ ਉਹ ਦੋਵਾਂ ਭਰਾਵਾਂ ਦਾ ਘਰ ਵਾਪਸ ਪਰਤਣਾ ਸੀ।

*ਪਰਮੇਸ਼ੁਰ ਅਜਿਹੇ ਮੇਲ-ਮਿਲਾਪ ਨੂੰ ਲਿਆ ਸਕਦਾ ਹੈ ਜੋ ਸੱਚਾ ਹੁੰਦਾ ਹੈ, ਭਾਵੇਂ ਉਹ ਆਦਰਸ਼ ਨਾ ਹੋਵੇ।* ਆਪਣੀ ਮੁਲਾਕਾਤ ਤੋਂ ਬਾਅਦ ਏਸਾਓ ਸ਼ਾਂਤੀ ਦੇ ਨਾਲ ਆਪਣੇ ਤੋਂ ਵਿਦਿਆ ਹੋਣ ਦੇ ਲਈ ਤਿਆਰ ਸੀ। ਉਸ ਨੇ ਯਾਕੂਬ ਨੂੰ ਸੱਦਾ ਦਿੱਤਾ ਕਿ ਉਹ ਸ਼ੇਈਰ ਵਿਚ ਉਸ ਦੇ ਨਾਲ ਘਰ ਚੱਲੇ (33:12)। ਯਾਕੂਬ ਨੇ ਏਸਾਓ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ, ਕਿਉਂਕਿ ਉਸ ਦੇ ਛੋਟੇ ਬੱਚੇ ਸੋਹਲ ਸਨ ਅਤੇ ਉਸ ਦੇ ਜਾਨਵਰਾਂ ਦੇ ਬੱਚੇ ਏਸਾਓ ਦੇ ਲੋਕਾਂ ਦੇ ਨਾਲ ਮਿਲ ਕੇ ਚੱਲ ਨਹੀਂ ਸਕਦੇ ਸਨ। ਉਸ ਨੇ ਏਸਾਓ ਨੂੰ ਉਤਸਾਹਿਤ ਕੀਤਾ ਕਿ ਉਹ ਆਪਣੇ ਆਦਮੀਆਂ ਦੇ ਨਾਲ ਅੱਗੇ

ਵੱਧ ਜਾਵੇ ਅਤੇ ਕਿਹਾ ਕਿ ਉਸ ਦਾ ਦਲ ਹੌਲੀ ਹੌਲੀ ਯਾਤਰਾ ਕਰੇਗਾ ਤੇ ਸ਼ੇਈਰ ਵਿਚ ਉਸ ਦੇ ਕੋਲ ਆ ਜਾਵੇਗਾ (33:14)। ਏਸਾਓ ਨੇ ਜ਼ੋਰ ਲਾਇਆ ਕਿ ਉਹ ਆਪਣੇ ਕੁਝ ਆਦਮੀਆਂ ਨੂੰ ਪਿੱਛੇ ਛੱਡ ਜਾਵੇਗਾ, ਤਾਂ ਕਿ ਉਹ ਸ਼ੇਈਰ ਦੇ ਰਾਹ ਵਿਚ ਯਾਕੂਬ ਦੇ ਪਰਿਵਾਰ ਦਾ ਮਾਰਗ ਦਰਸ਼ਣ ਅਤੇ ਰਾਖੀ ਕਰਨ; ਪਰ ਯਾਕੂਬ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਅਤੇ ਬੇਨਤੀ ਕੀਤੀ ਕਿ ਉਸ ਦੇ ਪਰਿਵਾਰ ਨੂੰ ਬਿਨਾਂ ਕਿਸੇ ਸੁਰੱਖਿਆ ਦੇ ਯਾਤਰਾ ਕਰਨ ਦਿੱਤੀ ਜਾਵੇ (33:15)।

ਏਸਾਓ ਨੇ ਆਪਣੀ ਪੇਸ਼ਕਸ਼ ਕਿਉਂ ਰੱਖੀ, ਅਤੇ ਯਾਕੂਬ ਨੇ ਕਿਉਂ ਦੋ ਵਾਰ ਉਸ ਨੂੰ ਨਕਾਰ ਦਿੱਤਾ? ਇਸ ਦਾ ਉੱਤਰ ਸਪੱਸ਼ਟ ਨਹੀਂ ਹੈ। ਕੀ ਯਾਕੂਬ ਸ਼ੇਈਰ ਵੱਲ ਯਾਤਰਾ ਕਰਨ ਦੇ ਵਿਸ਼ੇ ਵਿਚ ਝੂਠ ਬੋਲ ਰਿਹਾ ਸੀ? ਸਾਨੂੰ ਉਤਪਤ ਵਿਚ ਇਸ ਯਾਤਰਾ ਤੇ ਵਿਚਾਰ ਕਰਨ ਜਾਂ ਖੋਜ ਕਰਨ ਤੋਂ ਬਾਅਦ ਕੋਈ ਸਬੂਤ ਨਹੀਂ ਮਿਲਿਆ ਹੈ। ਸ਼ਾਇਦ ਉਸ ਨੂੰ ਡਰ ਸੀ ਕਿ ਏਸਾਓ ਫਿਰ ਦੁਬਾਰਾ ਵਿਚਾਰ ਕਰੇਗਾ ਅਤੇ, ਖਾਸ ਤੌਰ ਤੇ ਜੇਕਰ ਉਨ੍ਹਾਂ ਦੇ ਵਿਚਕਾਰ ਹੋਰ ਕੋਈ ਵੀ ਨਵਾਂ ਮੁੱਦਾ ਉੱਠ ਖੜਾ ਹੋਇਆ ਤਾਂ ਉਹ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰੇਗਾ। ਜਿੱਥੋਂ ਤੱਕ ਅਸੀਂ ਕਹਾਣੀ ਤੋਂ ਜਾਣਿਆ ਹੈ, ਦੋਵੇਂ ਭਰਾ ਕਈ ਸਾਲਾਂ ਦੇ ਬਾਅਦ ਤੱਕ ਦੁਬਾਰਾ ਕਦੀ ਵੀ ਨਹੀਂ ਮਿਲੇ, ਜਦੋਂ ਤੱਕ ਉਹ ਆਪਣੇ ਪਿਤਾ ਇਸਹਾਕ ਨੂੰ, ਦਫ਼ਨਾਉਣ ਦੇ ਲਈ ਇਕੱਠੇ ਨਾ ਹੋਏ (35:29)।

ਇਹ ਪੂਰਾ ਖਾਤਾ ਵਰਣਨ ਕਰਨ ਵਾਲਿਆਂ ਦੇ ਦਿਮਾਗਾਂ ਵਿਚ ਪ੍ਰਸ਼ਨਾਂ ਨੂੰ ਉਠਾਉਂਦਾ ਹੈ: ਕੀ ਉਸ ਸਮੇਂ ਯਾਕੂਬ ਦਾ ਮਨ ਪਰਿਵਰਤਨ ਸੱਚਾ ਸੀ ਜਦੋਂ ਉਸ ਨੇ ਪ੍ਰਭੂ ਦੇ ਸਵਰਗਦੂਤ ਦੇ ਨਾਲ ਘੋਲ ਕੀਤਾ ਅਤੇ ਨਵੇਂ ਨਾਮ ਦੀ ਬਰਕਤ ਨੂੰ ਹਾਸਲ ਕੀਤਾ ਸੀ? ਕੀ ਯਾਕੂਬ ਦਾ ਜਾਨਵਰਾਂ ਦਾ ਉਦਾਰ ਨਜ਼ਰਾਨਾ ਅਤੇ ਏਸਾਓ ਦੁਆਰਾ ਉਨ੍ਹਾਂ ਨੂੰ ਸਵੀਕਾਰ ਕਰਨ ਦੇ ਵਿਸ਼ੇ ਵਿਚ ਝਿਜਕ ਇਹ ਸਾਰੀ ਦ੍ਰਿਸ਼ ਯੋਜਨਾ ਸਿਰਫ ਇੱਕ ਧੋਖਾ ਸੀ ਜਾਂ ਸੰਸਕ੍ਰਿਤਕ ਨਿਮਰਤਾ ਸੀ? ਕੀ ਹਰੇਕ ਮਨੁੱਖ ਜਦੋਂ ਦੂਸਰੇ ਦੇ ਪ੍ਰਤਿ ਡਰ ਅਤੇ ਦੁਸ਼ਮਣੀ ਤੇ ਪਰਦਾ ਪਾ ਰਿਹਾ ਹੋਵੇ, ਤਾਂ ਉਹ ਮੇਲ-ਮਿਲਾਪ ਦੀਆਂ ਗਤੀਵਿਧੀਆਂ ਦੇ ਵਿਚੋਂ ਦੀ ਗੁਜ਼ਰਦਾ ਹੈ? ਹਾਲਾਂਕਿ ਬਹੁਤ ਸਾਰੇ ਟਿੱਪਣੀਕਾਰ ਇਨ੍ਹਾਂ ਪ੍ਰਸ਼ਨਾਂ ਨੂੰ ਅਜਿਹੇ ਸਪੱਸ਼ਟ ਸ਼ਬਦਾਂ ਵਿਚ ਨਹੀਂ ਦਰਸਾਉਂਦੇ ਹਨ, ਪਰ ਕੁਝ ਦਾ ਮਤਲਬ ਕਿ ਇੱਕ ਜਾਂ ਦੋਵੇਂ ਮਨੁੱਖ ਆਪਣੇ ਕੰਮਾਂ ਅਤੇ ਸ਼ਬਦਾਂ ਵਿਚ ਕੁਝ ਹੱਦ ਤੱਕ ਪਾਖੰਡੀ ਸਨ।

ਇਹ ਕਹਿਣਾ ਬਹੁਤ ਹੀ ਅੱਖੜ ਜਿਹਾ ਲੱਗਦਾ ਹੈ ਕਿ ਯੱਬੋਕ ਨਦੀ ਤੇ ਯਾਕੂਬ ਦਾ ਸਵਰਗਦੂਤ ਦੇ ਨਾਲ ਘੋਲ ਦਾ ਅਨੁਭਵ ਉਸ ਦਾ ਅਸਲੀ ਮਨ ਪਰਿਵਰਤਨ ਨਹੀਂ ਸੀ, ਇੱਥੋਂ ਤੱਕ ਕਿ ਉਸ ਨੇ ਅਗਲੇ ਦਿਨ ਏਸਾਓ ਦੇ ਨਾਲ ਝੂਠ ਬੋਲਿਆ ਕਿ ਉਹ ਉਸ ਦੇ ਕੋਲ ਸ਼ੇਈਰ ਆ ਰਿਹਾ ਸੀ। ਭਾਵੇਂ ਯਾਕੂਬ ਸਰੀਰਕ ਤੌਰ ਤੇ ਇੱਕ ਸਿਆਣਾ ਆਦਮੀ ਸੀ, ਪਰ ਆਤਮਿਕ ਤੌਰ ਤੇ ਉਹ ਆਪਣੇ ਪਹਿਲੇ ਕਦਮ ਚੁੱਕਣਾ ਸਿੱਖਣ ਵਾਲੇ ਇੱਕ ਬੱਚੇ ਦੇ ਸਮਾਨ ਸੀ। ਜਿਵੇਂ ਇੱਕ ਬੱਚਾ ਕਰਨਾ ਚਾਹੁੰਦਾ ਹੈ, ਉਸ ਨੇ ਠੋਕਰ ਖਾਧੀ; ਪਰ ਪਰਮੇਸ਼ੁਰ ਨੇ ਉਸ ਨੂੰ ਉੱਪਰ ਉਠਾਇਆ (ਜ਼ਬੂਰ 37:23, 24) ਅਤੇ ਉਸ ਦੇ ਜੀਵਨ ਵਿਚ ਨਿਰੰਤਰ ਕੰਮ ਕਰਨਾ ਜਾਰੀ ਰੱਖਿਆ ਤਾਂ ਕਿ ਉਸ ਦੀਆਂ ਆਤਮਿਕ ਮਾਸਪੇਸ਼ੀਆਂ ਵਿਕਸਤ ਹੋ ਸਕਣ, ਜਿਵੇਂ ਉਹ ਆਪਣੇ ਸਾਰੇ ਲੋਕਾਂ ਦੇ ਜੀਵਨਾਂ ਵਿਚ ਕਰਦਾ ਹੈ।

ਵਿਸ਼ਵਾਸ ਵਿਚ ਚੱਲਣ ਦੀ ਸ਼ੁਰੂਆਤ ਕਰਨ ਦਾ ਅਰਥ ਇਹ ਨਹੀਂ ਹੈ ਕਿ ਉਸ ਵਿਅਕਤੀ ਤੇ ਹੋਰ ਪਰਤਾਵੇ ਨਹੀਂ ਆਉਣਗੇ, ਨਾ ਹੀ ਇਸ ਦਾ ਅਰਥ ਇਹ ਹੈ ਕਿ ਉਹ ਕਈਆਂ ਮੌਕਿਆਂ ਤੇ ਪਾਪ ਨਹੀਂ ਕਰੇਗਾ। ਯੂਹੰਨਾ ਨੇ 1 ਯੂਹੰਨਾ 3:9 ਵਿਚ ਲਿਖਿਆ ਹੈ, "ਹਰ ਕੋਈ ਜਿਹੜਾ

ਪਰਮੇਸ਼ੁਰ ਤੋਂ ਜੰਮਿਆ ਹੈ ਪਾਪ *ਨਹੀਂ ਕਰਦਾ"* (ਜ਼ੋਰ ਦਿੱਤਾ ਗਿਆ ਹੈ)। ਆਇਤ ਦੇ ਦੂਸਰੇ ਭਾਗ ਵਿਚ, ਰਸੂਲ ਨੇ ਚੁਨੌਤੀ ਦਿੱਤੀ ਹੈ ਕਿ ਮਸੀਹੀ "ਪਾਪ ਨਹੀਂ ਕਰ ਸੱਕਦਾ" (NIV[9])। ਹੋਰਨਾਂ ਸ਼ਬਦਾਂ ਵਿਚ, ਪਾਪ ਹੁਣ ਅਗਾਂਹ ਪਰਿਵਰਤਿਤ ਜੀਵਨ ਦਾ ਨਮੂਨਾ ਨਹੀਂ ਹੋਵੇਗਾ।

ਯਾਕੂਬ ਅਜਿਹੇ ਜੀਵਨ ਦੀ ਯਾਤਰਾ ਤੇ ਸੀ, ਜਿਸ ਵਿਚ ਉਸ ਨੇ ਪਰਮੇਸ਼ੁਰ ਨੂੰ ਜਾਨਣਾ ਸੀ। ਉਸ ਨੇ ਬੈਤਏਲ ਵਿਚ ਪਰਮੇਸ਼ੁਰ ਵੱਲ ਪਹਿਲਾਂ ਕਦਮ ਚੁੱਕਿਆ, ਜਦੋਂ ਯਹੋਵਾਹ ਸੁਪਨੇ ਵਿਚ ਉਸ ਤੇ ਪਰਗਟ ਹੋਇਆ ਅਤੇ ਉਸ ਦੇ ਨਾਲ ਉਹੀ ਵਾਇਦੇ ਦੁਹਰਾਏ ਜੋ ਉਸ ਨੇ ਅਬਰਾਹਾਮ ਅਤੇ ਇਸਹਾਕ ਦੇ ਨਾਲ ਕੀਤੇ ਸਨ। ਪ੍ਰਭੂ ਨੇ ਪੁਰਖੇ ਨੂੰ ਯਕੀਨ ਦਿਵਾਇਆ ਕਿ ਉਹ ਉਸ ਨੂੰ ਸਹੀ ਸਲਾਮਲ ਕਨਾਨ ਦੇਸ ਵਿਚ ਲੈ ਜਾਵੇਗਾ (28:13-15)। ਯਾਕੂਬ ਦਾ ਪ੍ਰਤਿਉੱਤਰ ਸੀ ਕਿ ਜੇਕਰ ਯਹੋਵਾਹ ਆਪਣੇ ਵਾਇਦਿਆਂ ਨੂੰ ਪੂਰਾ ਕਰਦਾ ਹੈ ਤਾਂ ਯਹੋਵਾਹ ਹੀ ਉਸ ਦਾ ਪਰਮੇਸ਼ੁਰ ਹੋਵੇਗਾ (28:20-22)। ਜਾਹਿਰ ਹੈ ਕਿ, ਯਾਕੂਬ ਨੇ ਬਹੁਤ ਸਾਲਾਂ ਤੱਕ ਪਰਮੇਸ਼ੁਰ ਦੇ ਬਾਰੇ ਗੰਭੀਰਤਾ ਦੇ ਨਾਲ ਨਹੀਂ ਸੋਚਿਆ ਸੀ, ਜਦੋਂ ਤੱਕ ਉਹ ਕਨਾਨ ਦੇਸ ਵਿਚ ਵਾਪਸ ਨਹੀਂ ਪਰਤ ਰਿਹਾ ਸੀ ਅਤੇ ਉਸ ਨੇ ਇਹ ਨਾ ਸੁਣਿਆ ਕਿ ਏਸਾਓ ਆਪਣੇ ਚਾਰ ਸੌ ਆਦਮੀਆਂ ਨੂੰ ਲੈ ਕੇ ਉਸ ਨੂੰ ਮਿਲਣ ਦੇ ਲਈ ਆ ਰਿਹਾ ਸੀ। ਲਿਖਤ ਦੱਸਦੀ ਹੈ ਕਿ, ਫਿਰ, ਪਹਿਲੀ ਵਾਰ ਯਾਕੂਬ ਨੇ ਪਰਮੇਸ਼ੁਰ ਤੋਂ ਪ੍ਰਾਰਥਨਾ ਕੀਤੀ (32:9-12)। ਬਾਅਦ ਵਿਚ ਉਸ ਰਾਤ, ਪੁਰਖੇ ਦਾ ਪਰਮੇਸ਼ੁਰ ਦੇ ਸਵਰਗਦੂਤ ਦੇ ਨਾਲ ਘੋਲ ਦਾ ਮੁਕਾਬਲਾ ਹੋਇਆ ਸੀ। ਉਹ ਲਗਭਗ ਦਿਨ ਦੀ ਚੜ੍ਹਾਈ ਤੱਕ ਘੋਲ ਕਰਦੇ ਰਹੇ। ਯਾਕੂਬ ਨੇ ਉਸ ਰਹੱਸਮਈ ਅਜਨਬੀ ਨੂੰ ਉਸ ਸਮੇਂ ਤੱਕ ਨਹੀਂ ਛੱਡਿਆ ਜਦੋਂ ਤੱਕ ਉਸ ਨੇ ਉਸ ਨੂੰ ਬਰਕਤ ਨਾ ਦੇ ਦਿੱਤੀ। ਆਖਿਰਕਾਰ ਉਸ ਨੇ ਉਸ ਨੂੰ, ਨਵਾਂ ਨਾਮ: "ਇਸਰਾਏਲ" ਦੇਣ ਦੇ ਦੁਆਰਾ ਉਸ ਨੂੰ ਬਰਕਤ ਦਿੱਤੀ (32:22-29)। ਅਚਾਨਕ, ਯਾਕੂਬ ਨੇ ਇਸ ਅਜਨਬੀ ਨੂੰ ਇੱਕ ਨਵੇਂ ਤਰੀਕੇ ਦੇ ਨਾਲ ਵੇਖਿਆ: ਉਸ ਨੇ ਉਸ ਵਿਚ ਮਾਫ਼ ਕਰਨ ਵਾਲਾ ਅਤੇ ਦਯਾ ਵਾਲਾ ਮੁੱਖ ਵੇਖਿਆ (32:30; ਵੇਖੋ 33:10)।

ਨਵੇਂ ਨੇਮ ਦੇ ਸਮੇਂ ਵਿਚ, ਹਰ ਕਿਸੇ ਦੇ ਕੋਲ ਤਰਸੁਸ ਦੇ ਸੌਲੁਸ ਵਰਗੀ ਮਨ ਪਰਿਵਰਤਨ ਦੀ ਕਹਾਣੀ ਨਹੀਂ ਸੀ, ਜੋ ਦੰਮਿਸਕ ਦੇ ਰਾਹ ਤੇ ਜੀ ਉੱਠੇ ਹੋਏ ਮਸੀਹ ਨਾਲ ਮਿਲਿਆ ਸੀ। ਯਿਸੂ ਨਾਲ ਮੁਲਾਕਾਤ ਦੀ ਇੱਕੋ ਘਟਨਾ ਨੇ ਸੌਲੁਸ ਦੇ ਸਾਰੇ ਜੀਵਨ ਨੂੰ ਬਦਲ ਕੇ ਰੱਖ ਦਿੱਤਾ ਸੀ। ਇਹ ਉਸ ਨੂੰ ਇਕਦਮ ਵੱਖਰੇ ਆਤਮਿਕ ਮਾਰਗ ਤੇ ਲੈ ਗਿਆ, ਅਤੇ ਉਹ ਯਿਸੂ ਮਸੀਹ ਦਾ ਸਭ ਤੋਂ ਮਹਾਨ ਮਿਸ਼ਨਰੀ ਬਣ ਗਿਆ ਜਿਹੋ ਜਿਹਾ ਦੁਨੀਆਂ ਨੇ ਕਦੀ ਵੇਖਿਆ ਨਹੀਂ ਸੀ (ਰਸੂਲਾਂ ਦੇ ਕਰਤੱਬ 26:9-20)। ਪਿਛਲੇ ਦੋ ਹਜ਼ਾਰ ਸਾਲਾਂ ਤੋਂ ਪਰਮੇਸ਼ੁਰ ਦੇ ਜ਼ਿਆਦਾਤਰ ਲੋਕ ਉਸ ਦੇ ਕੋਲ ਘੱਟ ਸ਼ਾਨਦਾਰ ਤਰੀਕੇ ਦੇ ਨਾਲ ਆਏ ਹਨ। ਯਿਸੂ ਮਸੀਹ ਦੇ ਕੁਝ ਸ਼ੁਰੂਆਤੀ ਚੇਲਿਆਂ ਦੇ ਵਾਂਗ, ਮਹਾਨ ਪ੍ਰਚਾਰਕਾਂ ਦੀ ਗਵਾਹੀ ਦੇ ਕਾਰਣ ਯਿਸੂ ਦੇ ਪਿੱਛੇ ਚੱਲਣ ਦੇ ਲਈ ਲੋਕਾਂ ਨੂੰ ਤਿਆਰ ਕੀਤਾ ਜਾ ਸਕਦਾ ਹੈ। ਹੋਰਨਾਂ ਨੂੰ ਪਰਿਵਾਰ ਦੇ ਮੈਂਬਰਾਂ ਜਾਂ ਮਿੱਤਰਾਂ ਗਵਾਹੀ ਦੇ ਦੁਆਰਾ ਜੋ ਪ੍ਰਭੂ ਦੇ ਚੇਲੇ ਹਨ ਉਸ ਦੀ ਖਿੱਚਣ ਵਾਲੀ ਸਮਰੱਥ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਕਿਸੇ ਨੇ ਕਿਸੇ ਵੀ ਤਰ੍ਹਾਂ ਪ੍ਰਭੂ ਨੂੰ ਜਾਣਿਆ ਹੋਵੇ, ਪਰ ਉਸ ਇਸਤਰੀ ਜਾਂ ਪੁਰਖ ਦਾ ਜੀਵਨ ਬਦਲਣਾ ਸ਼ੁਰੂ ਹੋ ਜਾਂਦਾ ਹੈ। ਇੱਕੋ ਵਾਰੀ ਪੂਰਾ ਪਰਿਵਰਤਨ ਨਹੀਂ ਹੋ ਜਾਂਦਾ ਹੈ। ਮਸੀਹੀ ਦੇ ਸਾਰੇ ਜੀਵਨ ਵਿਚ ਪਰਮੇਸ਼ੁਰ ਵਿਚ ਉਸ ਦਾ ਵਿਸ਼ਵਾਸ ਨਿਰੰਤਰ ਵੱਧਦਾ ਹੀ ਜਾਂਦਾ ਹੈ।

ਯਾਕੂਬ ਦੇ ਵਾਂਗ, ਪ੍ਰਭੂ ਦੇ ਸ਼ੁਰੂਆਤੀ ਚੇਲੇ ਕਈ ਵਾਰ ਆਪਣੀ ਆਤਮਿਕ ਪਰਿਪੱਕਤਾ ਵਿਚ ਅੱਗੇ ਵੱਧਣ ਦੀ ਬਜਾਇ ਪਿੱਛੇ ਚਲੇ ਜਾਂਦੇ ਸਨ। ਕਦੀ ਕਦੀ, ਉਨ੍ਹਾਂ ਦੇ ਵਿਸ਼ਵਾਸ ਦੀ ਕਮੀ ਦੇ

ਕਾਰਣ ਯਿਸੂ ਦੇ ਰਾਹੀਂ ਉਨ੍ਹਾਂ ਨੂੰ ਡਾਂਟਿਆ ਗਿਆ। ਜਦੋਂ ਪਤਰਸ ਨੂੰ ਯਿਸੂ ਦਾ ਚੇਲਾ ਬਣੇ ਹੋਏ ਲਗਭਗ ਤਿੰਨ ਸਾਲ ਹੋ ਗਏ ਸਨ, ਯਿਸੂ ਦੇ ਫੜਵਾਏ ਜਾਣ ਦੀ ਰਾਤ, ਉਸ ਨੂੰ ਪ੍ਰਭੂ ਦੇ ਲਈ ਹੋਰ ਵੀ, ਪੂਰੀ ਤਰ੍ਹਾਂ ਦੇ ਨਾਲ "ਬਦਲ ਜਾਣ" ਦੀ ਲੋੜ ਸੀ (ਲੂਕਾ 22:32; KJV)।[10] ਯਿਸੂ ਦੇ ਸਲੀਬ ਤੇ ਚੜ੍ਹਾਏ ਜਾਣ ਅਤੇ ਜੀ ਉੱਠਣ ਤੋਂ ਬਾਅਦ ਹੀ ਚੇਲਿਆਂ ਦਾ ਵਿਸ਼ਵਾਸ ਇੰਨਾ ਵੱਧ ਗਿਆ ਅਤੇ ਉਹ ਲੋਕਾਂ ਨੂੰ ਇੰਜੀਲ ਦਾ ਵਿਰਤਾਂਤ ਸੁਣਾਉਣ ਲਈ ਤਿਆਰ ਕੀਤੇ ਗਏ ਕਿ ਯਿਸੂ ਕੌਣ ਹੈ ਅਤੇ ਉਸ ਨੇ ਮਨੁੱਖਜਾਤੀ ਦੀ ਮੁਕਤੀ ਦੇ ਲਈ ਕੀ ਕੀਤਾ ਹੈ। ਜਦੋਂ ਤੱਕ ਯਿਸੂ ਸਵਰਗ ਤੇ ਨਾ ਚੜ੍ਹ ਗਿਆ ਅਤੇ ਰਸੂਲਾਂ ਨੇ ਪੰਤੇਕੁਸਤ ਦੇ ਦਿਨ ਪਵਿੱਤਰ ਆਤਮਾ ਪ੍ਰਾਪਤ ਨਾ ਕਰ ਲਿਆ (ਯੂਹੰਨਾ 14:26; 16:13; ਰਸੂਲਾਂ ਦੇ ਕਰਤੱਬ 2:1-11) ਉਦੋਂ ਤੱਕ ਉਨ੍ਹਾਂ ਦੇ ਜੀਵਨ ਪੂਰੀ ਰੀਤਿ ਦੇ ਨਾਲ ਨਹੀਂ ਬਦਲੇ। ਉਸ ਸਮੇਂ ਤੋਂ, ਉਨ੍ਹਾਂ ਨੇ ਇੰਜੀਲ ਦੇ ਵਿਰਤਾਂਤ ਨੂੰ "ਸਾਰੀਆਂ ਕੌਮਾਂ" ਵਿਚ ਲੈ ਜਾਣਾ ਸ਼ੁਰੂ ਕਰ ਦਿੱਤਾ (ਮੱਤੀ 28:16-20; ਲੂਕਾ 24:46-49; ਰਸੂਲਾਂ ਦੇ ਕਰਤੱਬ 1:3-11; 2:22-41)।

ਇਸ ਲਈ ਅੱਜ ਇਹ ਪਰਮੇਸ਼ੁਰ ਦੇ ਲੋਕਾਂ ਦੇ ਨਾਲ ਹੈ। ਉਹ ਸਭ ਜੋ ਵਿਸ਼ਵਾਸ, ਤੋਬਾ, ਅਤੇ ਬਪਤਿਸਮੇ ਦੇ ਦੁਆਰਾ ਪਰਮੇਸ਼ੁਰ ਦੇ ਧੀਆਂ-ਪੁੱਤਰ ਬਣ ਜਾਂਦੇ ਹਨ ਉਹ "ਪਵਿੱਤਰ ਆਤਮਾ ਅਤੇ ਜਲ ਦੇ ਦੁਆਰਾ" ਨਵਾਂ ਜਨਮ ਪ੍ਰਾਪਤ ਕਰਦੇ ਹਨ (ਯੂਹੰਨਾ 3:3-5; ਰਸੂਲਾਂ ਦੇ ਕਰਤੱਬ 2:38)। ਨਵੇਂ ਮਸੀਹੀਆਂ ਨੂੰ ਮਸੀਹ ਵਿਚ ਬੱਚਿਆਂ ਦੇ ਵਾਂਗ ਦਰਸਾਇਆ ਗਿਆ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ "ਖਾਲਸ ਦੁੱਧ ਦੀ ਲੋਚ ਕਰੋ" ਤਾਂ ਕਿ "ਮੁਕਤੀ ਲਈ ਵਧਦੇ ਜਾਓ" (1 ਪਤਰਸ 2:2)। ਆਤਮਿਕ ਵਿਕਾਸ ਦੀ ਪ੍ਰਕਿਰਿਆ ਸਾਰੀ ਉਮਰ ਜਾਰੀ ਰਹਿਣੀ ਚਾਹੀਦੀ ਹੈ; ਇਹ ਮਸੀਹ ਦੇ ਰੂਪ ਵਿਚ ਬਦਲਣਾ ਹੈ ਜਿਸ ਵਿਚ ਬਖਸ਼ਿਸ਼ਾਂ ਵਿਚ ਸਿਆਣੇ ਹੋਣਾ ਜ਼ਰੂਰੀ ਹੈ (ਰੋਮੀਆਂ 8:1-14; 12:1-3; 2 ਕੁਰਿੰਥੀਆਂ 3:17, 18; ਅਫ਼ਸੀਆਂ 4:1-16; 2 ਪਤਰਸ 1:1-11)। ਅਜਿਹਾ ਕੋਈ ਵੀ ਬਦਲਾਅ ਅਚਾਨਕ ਜਾਂ ਅਸਾਨੀ ਦੇ ਨਾਲ ਨਹੀਂ ਆਉਂਦਾ ਹੈ।

ਸਰੀਰਕ ਉਮਰ ਭਾਵੇਂ ਕੁਝ ਵੀ ਹੋਵੇ, ਮਸੀਹੀ ਕਦੀ ਕਦੀ ਅਪੂਰਣ ਹੋ ਸਕਦੇ ਹਨ; ਪਰ ਪਾਪ ਕਰਨਾ ਨਿਯਮਿਤ ਅਭਿਆਸ ਜਾਂ ਜੀਵਨ ਸ਼ੈਲੀ ਨਹੀਂ ਹੋਣੀ ਚਾਹੀਦੀ ਹੈ। ਭਾਵੇਂ ਯਾਕੂਬ ਇੱਕ ਮਨੁੱਖ ਸੀ ਜਿਸ ਦੀਆਂ ਚਾਰ ਪਤਨੀਆਂ ਦਾ ਪਤੀ ਅਤੇ ਬਾਰ੍ਹਾਂ ਬੱਚਿਆਂ ਦਾ ਪਿਤਾ ਸੀ, ਪਰ ਉਸ ਨੇ ਯੱਬੋਕ ਦੀ ਨਦੀ ਤੇ ਆਪਣਾ ਮਨ ਪਰਿਵਰਤਨ ਕਰਨਾ ਸ਼ੁਰੂ ਕੀਤਾ, ਜਦੋਂ ਉਸ ਨੇ ਪਰਮੇਸ਼ੁਰ ਦੇ ਦੂਤ ਦੇ ਨਾਲ ਘੋਲ ਕੀਤਾ ਅਤੇ ਉਸ ਦੀ ਬਰਕਤ ਪ੍ਰਾਪਤ ਕੀਤੀ। ਉਸ ਦਾ ਪਰਿਵਰਤਨ ਸੱਚਾ ਸੀ, ਪਰ ਉਸ ਨੇ ਆਤਮਿਕ ਬੱਚੇ ਦੇ ਰੂਪ, ਆਤਮਿਕ ਅਤੇ ਸਰੀਰਕ ਤੌਰ ਤੇ ਲੰਗੜਾਉਂਦੇ ਹੋਏ ਉਸ ਸਥਾਨ ਨੂੰ ਛੱਡ ਦਿੱਤਾ। ਸਾਨੂੰ ਇਸ ਗੱਲ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਹੈ ਕਿ ਕਈ ਵਾਰ ਉਹ ਉਸ ਵਿਚ ਪੂਰਾ ਨਹੀਂ ਉੱਤਰਿਆ ਜੋ ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਹੋਵੇ ਅਤੇ ਕਰੇ।

ਪਤਰਸ, ਜੋ ਯਿਸੂ ਦੇ ਸਭ ਤੋਂ ਨਜ਼ਦੀਕੀ ਚੇਲਿਆਂ ਦੇ ਵਿਚੋਂ ਇੱਕ ਸੀ, ਉਸ ਦੀ ਇਹੋ ਸਮੱਸਿਆ ਸੀ ਜਦੋਂ ਉਹ ਮਹਾਂ ਜਾਜਕ ਦੇ ਵੇਹੜੇ ਵਿਚ ਯਿਸੂ ਦਾ ਇਨਕਾਰ ਕੀਤਾ ਸੀ (ਲੂਕਾ 22:54-62; ਯੂਹੰਨਾ 18:15-27)। ਬਾਅਦ ਵਿਚ, ਉਹ ਆਤਮਿਕ ਤੌਰ ਤੇ ਸਿਆਣਾ ਹੋ ਗਿਆ; ਆਖਿਰਕਾਰ, ਉਹ ਯਾਕੂਬ ਦੇ ਵਾਂਗ, ਇੱਕ ਜੀਉਂਦੇ ਵਿਸ਼ਵਾਸ ਦੇ ਨਾਲ ਮਰ ਗਿਆ (ਉਤਪਤ 48; 49)। ਪਰਮੇਸ਼ੁਰ ਦੀ ਅਵਿਨਾਸੀ ਵਿਰਾਸਤ ਦਾ ਵਾਇਦਾ ਅੱਜ ਹਰ ਕਿਸੇ ਦੇ

ਨਾਲ ਹੈ ਜੋ ਪ੍ਰਭੂ ਦੇ ਪ੍ਰਤਿ ਵਿਸ਼ਵਾਸਯੋਗ ਹਨ (2 ਤਿਮੋਥਿਉਸ 4:7, 8; 1 ਪਤਰਸ 1:3-5; 2 ਪਤਰਸ 1:2-4; 3:11-13; ਪਰਕਾਸ਼ 14:13)। ਸਾਨੂੰ ਆਪਣੀਆਂ ਕਮਜ਼ੋਰੀਆਂ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ ਹੈ, ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ "ਵਿਸ਼ਵਾਸਯੋਗਤਾ" ਦਾ ਅਰਥ "ਦੋਸ਼ਹੀਣਤਾ" ਨਹੀਂ ਹੈ। ਮਸੀਹੀ ਜੀਵਨ ਦਾ ਅਰਥ ਹੈ: "ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ" (1 ਯੂਹੰਨਾ 1:7)।

---

## ਟਿੱਪਣੀਆਂ

[1]ਐਡਵਿਨ ਯਾਮੂਚੀ, *TWOT* ਵਿਚ "חָוָה," 1:268. [2]ਡਬਲਿਯੂ. ਐਫ਼. ਐਲਬ੍ਰਾਈਟ, ਅਨੁਵਾਦ, "ਦ ਅਮਰਨਾ ਲੈਟਰਜ਼," *ਏਂਸ਼ਿਅੰਟ ਨੀਅਰ ਈਸਟਰਨ ਟੈਕਟਸ ਰਿਲੇਟਿੰਗ ਟੂ ਦ ਓਲਡ ਟੈਸਟਾਮੈਂਟ*, ਤੀਸਰੀ ਸੋਧ, ਸੋਧ ਜੇਮਸ ਬੀ. ਪਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿਸਟਨ ਯੂਨੀਵਰਸਿਟੀ ਪ੍ਰੈਸ, 1969), 483-85 (ਨੰਬਰ 137, 234, 244, 250)। [3]ਉਤਪਤ ਵਿਚ ਮਿਲਦੀਆਂ ਜੁਲਦੀਆਂ ਭਾਵਨਾਤਮਕ ਮੁਲਾਕਾਤਾਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਦੌੜਣਾ, ਗਲੇ ਲਗਾਉਣਾ, ਚੁੰਮਣਾ, ਅਤੇ ਰੋਣਾ ਸ਼ਾਮਲ ਹੈ (24:17, 29; 29:11-13; 45:14, 15; 46:29; 48:10)। [4]ਵੇਖੋ 32:2, ਜਿੱਥੇ *ਮਚਨੇਹ* ਦਾ ਅਰਥ ਇੱਕ ਲਸ਼ਕਰ "ਕੈਂਪ" ਜਾਂ "ਟੋਲੀ" ਹੈ। ਇੱਥੇ, ਇਸ ਦਾ ਅਰਥ ਜਾਨਵਰਾਂ ਦਾ ਇੱਕ ਝੁੰਡ ਹੈ (ਵੇਖੋ NCV; CEV; NLT)। [5]ਵਿਕਟਰ ਪੀ. ਹਮਿਲਟਨ, *ਦ ਬੁੱਕ ਆਫ਼ ਜੇਨੇਸਿਸ: ਅਧਿਆਇ 18-50*, ਪੁਰਾਣੇ ਨੇਮ ਤੇ ਦ ਨਿਊ ਇੰਟਰਨੈਸ਼ਨਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਸ ਕੰਪਨੀ, 1995), 346. [6]ਉਸੇ ਸਥਾਨ ਤੇ। [7]ਜ਼ਿਆਦਾਤਰ ਅੰਗ੍ਰੇਜ਼ੀ ਸੰਸਕਰਣਾਂ ਦੇ ਅਨੁਸਾਰ, ਸ਼ਬਦ ਜਿਸ ਦਾ ਅਨੁਵਾਦ "ਸੁਰੱਖਿਅਤ ਤਰੀਕੇ ਨਾਲ" ਜਾਂ "ਸ਼ਾਂਤੀ ਨਾਲ" (שָׁלֵם, *ਸ਼ਾਲੇਮ)* ਯਾਕੂਬ ਦੇ ਦੁਆਰਾ ਸ਼ਕਮ ਵਿਚ ਪ੍ਰਵੇਸ਼ ਕਰਨ ਦੇ ਤਰੀਕੇ ਨੂੰ ਦਰਸਾਉਂਦਾ ਹੈ। ਇੱਕ ਹੋਰ ਸੰਭਾਵਨਾ ਇਹ ਹੈ ਕਿ ਇਹ ਸ਼ਕਮ ਦੇ ਨੇੜੇ ਇੱਕ ਸ਼ਹਿਰ ("ਸ਼ਾਲੇਮ" ਜਾਂ "ਸ਼ਲੇਮ") ਨੂੰ ਦਰਸਾਉਂਦਾ ਹੈ। ਕਈ ਸੰਸਕਰਣਾਂ ਦੇ ਦੁਆਰਾ ਇਸ ਅਨੁਵਾਦ ਦਾ ਸਮਰਥਨ ਕੀਤਾ ਗਿਆ ਹੈ (LXX; ਸੀਰੀਅਕ; ਵੁਲਗੇਟ) ਦੇ ਨਾਲ ਨਾਲ KJV। ਇੱਕ ਪੁਰਾਣਾ ਨਗਰ "ਸਾਲੇਮ" ਜਾਂ "ਸਲਿਮ" ਸ਼ਕਮ ਦੇ ਚਾਰ ਮੀਲ ਪੂਰਬ ਵਿਚ ਸਥਿਤ ਸੀ। (ਹਾਵਰਡ ਐਫ਼. ਵੋਸ, "ਸਲਿਮ," *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਣ, ਸੰਸਕਰਣ, ਜੈਫਰੀ ਡਬਲਿਯੂ. ਬਰੋਮਲੇ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1988], 4:285.) [8]ਸ਼ਬਦ *ਕਿਸ਼ਤੀਹ* ਪੁਰਾਣੇ ਨੇਮ ਦੇ ਸਿਰਫ ਦੋ ਹੋਰਨਾਂ ਹਵਾਲਿਆਂ ਵਿਚ ਦਿਖਾਈ ਦਿੰਦਾ ਹੈ (ਯਹੋਸ਼ੁਆ 24:32; ਅੱਯੂਬ 42:11), ਜੋ ਦੱਸਦੇ ਹਨ ਕਿ ਇਸ ਦਾ ਅਰਥ ਅਸਪੱਸ਼ਟ ਕਿਉਂ ਹੈ। ਯਹੋਸ਼ੁਆ 24:32 ਉਤਪਤੀ ਵਿਚ ਕੀਤੀ ਗਈ ਯਾਕੂਬ ਦੀ ਖਰੀਦਾਰੀ ਦਾ ਅਭਿਆਸ ਕਰਦਾ ਹੈ ਜੋ ਉਤਪਤ 33:19 ਵਿਚ ਕੀਤੀ ਗਈ ਸੀ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ, ਜਿੱਤ ਤੋਂ ਬਾਅਦ, ਯੂਸੁਫ਼ ਦੀਆਂ ਹੱਡੀਆਂ ਜੋ ਮਿਸਰ ਤੋਂ ਲਿਆਂਦੀਆਂ ਗਈਆਂ ਸਨ ਉਨ੍ਹਾਂ ਨੂੰ ਉਸ ਪੈਲੀ ਦੇ ਖੱਤੇ ਵਿਚ ਦਫ਼ਨਾਇਆ ਗਿਆ ਸੀ ਜੋ ਯਾਕੂਬ ਦੇ ਦੁਆਰਾ ਖਰੀਦਿਆ ਗਿਆ ਸੀ। [9]NIV ਸਹੀ ਤਰੀਕੇ ਦੇ ਨਾਲ 1 ਯੂਹੰਨਾ 3:9 ਵਿਚਲੇ ਵਰਤਮਾਨ ਕਾਲ ਨੂੰ ਇਹ ਕਹਿਣ ਦੇ ਦੁਆਰਾ ਪ੍ਰਸਤੁਤ ਕਰਦਾ ਹੈ ਕਿ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ "ਪਾਪ ਨਹੀਂ ਕਰਦਾ"; ਇਸ ਤੋਂ ਇਲਾਵਾ, ਇਹ ਕਹਿੰਦਾ ਹੈ ਕਿ "ਪਾਪ ਨਹੀਂ ਕਰ ਸੱਕਦਾ।" ਡੌਨਲਡ ਡਬਲਿਯੂ. ਬਰਡਿਕ ਨੇ ਕਿਹਾ ਕਿ ਇਹ ਭਾਸ਼ਾ "ਪਾਪ ਦੀ ਪੂਰਣ ਸਮਾਪਤੀ" ਦਾ ਅਰਥ ਨਹੀਂ ਹੈ, ਪਰ ਇੱਕ ਉਹ ਜੀਵਨ ਜਿਸ ਦੀ ਵਿਸ਼ੇਸ਼ਤਾ ਪਾਪ ਨਹੀਂ ਹੈ (ਡੋਨਲਡ ਡਬਲਿਯੂ. ਬਰਡਿਕ, 1 ਯੂਹੰਨਾ ਤੇ ਨੋਟਸ, *ਦ* NIV *ਸਟੱਡੀ ਬਾਈਬਲ*, ਸੰਸਕਰਣ. ਕੇਨੇਥ ਬਾਰਕਰ [ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿੰਗ ਹਾਊਸ, 1985], 1911)। [10]ਯੂਨਾਨੀ ਸ਼ਬਦ ἐπιστρέφω (*ਏਪੀਸਟ੍ਰੀਫੋ)* ਹੈ, NASB ਲੂਕਾ 22:32 ਵਿਚ ਜਿਸ ਦਾ ਅਨੁਵਾਦ "ਮੁੜੇਂ" ਕੀਤਾ ਗਿਆ। ਪਰ, ਯੂਹੰਨਾ 12:40 ਵਿਚ NASB ਸੰਬੰਧਤ ਸ਼ਬਦ στρέφω (*ਸਟ੍ਰੀਫੋ)* ਨੂੰ ਰੂਪਾਂਤਰਿਤ ਰੂਪ "ਪਰਿਵਰਤਿਤ" ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ, ਅਰਥਾਤ ਪ੍ਰਭੂ ਦੇ ਨਾਲ ਕਿਸੇ ਦੇ ਸੰਬੰਧ ਵਿਚ "ਮੁੜ ਜਾਣਾ" ਹੈ।